# ਇਨਕਲਾਬੀ ਸਾਡਾ ਰਾਹ

NO CAA NO NRC NO NRP

ਫਰਵਰੀ-2020 ✪ ਜਿਲਦ-17 ✪ ਅੰਕ-1 ✪ ਮੁੱਲ-15 ਰੁ.



ਜੋ ਹਿਟਲਰ ਕੀ ਚਾਲ ਚਲੇਗਾ, ਵੋ ਹਿਟਲਰ ਕੀ ਮੌਤ ਮਰੇਗਾ।

ਇਨਕਲਾਬੀ ਸਾਡਾ ਰਾਹ
ਫਰਵਰੀ-2020

ਸੰਪਾਦਕ
ਅਜਮੇਰ ਸਿੰਘ

ਕਾਰਜਕਾਰੀ ਸੰਪਾਦਕ
ਕੁਲਵਿੰਦਰ ਸਿੰਘ ਵੜੈਚ

ਚਿੱਠੀ-ਪੱਤਰ, ਚੰਦੇ ਅਤੇ
ਸਹਾਇਤਾ ਭੇਜਣ ਲਈ ਪਤਾ
ਕੁਲਵਿੰਦਰ ਸਿੰਘ ਵੜੈਚ
ਮਕਾਨ ਨੰ. 27
ਗੁਰੂ ਤੇਗ ਬਹਾਦਰ ਨਗਰ
ਬੰਗਾ ਰੋਡ, ਨਵਾਂਸ਼ਹਿਰ
ਮੋ : 98158-43125
Acc. No. 166510100057175
Kulwinder Singh
IFSC Code : ANDB0001665
Andhra Bank, Nawanshehar

E-mail :
inqsadarahh@gmail.com

ਚੰਦਾ ਦਰ
ਇੱਕ ਅੰਕ — 15 ਰੁਪਏ
ਸਾਲਾਨਾ (ਦੇਸ) — 150 ਰੁਪਏ
ਸਾਲਾਨਾ (ਵਿਦੇਸ਼) — 1000 ਰੁਪਏ

# ਤਤਕਰਾ

## ਲੇਖ

❖ ਫਾਸ਼ੀਵਾਦ ਅਤੇ ਇਸ ਵਿਰੁੱਧ ਲੜਾਈ ਦਾ ਸੁਆਲ..........................3
❖ ਸੰਘ ਦਾ ਔਰਤ ਵਿਰੋਧੀ ਏਜੰਡਾ ਅਤੇ ਔਰਤਾਂ ਦਾ ਉੱਭਰਦਾ ਪ੍ਰਤੀਰੋਧ ......7
❖ ਪੰਜਾਬ ਸਰਕਾਰ ਵੱਲੋਂ ਨਵੇਂ ਵਰ੍ਹੇ 'ਬਿਜਲੀ ਕਰੰਟ' ਦਾ ਤੋਹਫਾ.............10
❖ *ਕਿਰਤ ਕਾਨੂੰਨਾਂ ਵਿੱਚ ਤਬਦੀਲੀ ਦਾ*
ਟਰਾਂਸਪੋਰਟ ਕਰਮਚਾਰੀਆਂ ਉਪਰ ਅਸਰ ..............................13
❖ *ਅਮਰੀਕਾ ਵੱਲੋਂ ਇਰਾਨੀ ਜਰਨੈਲ ਦਾ ਕਤਲ*
ਮੱਧ-ਪੂਰਬ ਦੀ ਸ਼ਾਂਤੀ ਲਈ ਗੰਭੀਰ ਖਤਰਾ..............................16
❖ ਵਿਦਿਆਰਥੀ ਅੰਦੋਲਨ ਬਨਾਮ ਫਾਸ਼ੀਵਾਦ................................19

## ਸੰਘਰਸ਼/ਸਰਗਰਮੀਆਂ

ਸੰਘਰਸ਼ ਦੀ ਤਾਂਘ ਦਾ ਪ੍ਰਗਟਾਵਾ : 8 ਜਨਵਰੀ ਨੂੰ ਦੇਸ਼ ਪੱਧਰੀ ਮਜ਼ਦੂਰ ਹੜਤਾਲ (21) 8 ਜਨਵਰੀ ਪੇਂਡੂ ਭਾਰਤ ਬੰਦ ਕਿਸਾਨ ਜੱਥੇਬੰਦੀਆਂ ਵੱਲੋਂ ਸੜਕਾਂ ਜਾਮ (22) ਪੇਂਡੂ ਤੇ ਖੇਤ ਮਜ਼ਦੂਰਾਂ ਵਲੋਂ ਮੰਤਰੀਆਂ, ਐੱਮ.ਐੱਲ.ਏਜ਼.ਦੇ ਘਰਾਂ ਅੱਗੇ ਧਰਨੇ-ਮੁਜਾਹਰੇ (23) ਨਾਗਰਿਕਤਾ ਸੋਧ ਕਾਨੂੰਨ ਖਿਲਾਫ ਮਾਲੇਰਕੋਟਲਾ ਵਿਖੇ ਸੜਕਾਂ 'ਤੇ ਉੱਤਰੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਔਰਤਾਂ (23) ਨੌਜਵਾਨ-ਵਿਦਿਆਰਥੀਆਂ ਵੱਲੋਂ ਸੀ.ਏ.ਏ., ਐਨ.ਆਰ.ਸੀ. ਅਤੇ ਫਾਸ਼ੀਵਾਦੀ ਹਮਲੇ ਵਿਰੁੱਧ ਸੂਬਾਈ ਮੁਜ਼ਾਹਰਾ (24) ਹਾਅ ਦਾ ਨਾਅਰਾ ਸੰਘਰਸ਼ ਮੋਰਚਾ ਵੱਲੋਂ ਫਾਸ਼ੀਵਾਦ ਵਿਸ਼ੇ ਉੱਪਰ ਕੀਤਾ ਗਿਆ ਸੈਮੀਨਾਰ (25) ਡੀ.ਐਮ.ਐਫ. ਪਟਿਆਲਾ ਵੱਲੋਂ ਫਾਸ਼ੀਵਾਦ ਦੇ ਵਧਦੇ ਹੱਲੇ ਖਿਲਾਫ਼ ਲੋਕ ਲਹਿਰ ਦੀ ਉਸਾਰੀ ਵਿਸ਼ੇ 'ਤੇ ਸੈਮੀਨਾਰ (25) 'ਹਮ ਦੇਖੇਂਗੇ...' ਕਵਿਤਾ ਤੇ ਲਾਈ ਪਾਬੰਦੀ ਦੇ ਵਿਰੋਧ 'ਚ ਅਦਾਰਾ ਪਰਵਾਜ਼ ਵੱਲੋਂ ਵਿਚਾਰ-ਚਰਚਾ (26) ਜਗਤਜੀਤ ਇੰਡਸਟਰੀਜ਼ ਡੈਮੋਕਰੇਟਿਕ ਵਰਕਰਜ਼ ਯੂਨੀਅਨ ਦਾ ਵਰਕਰ ਮੰਗਾਂ ਲਈ ਮੋਰਚਾ ਜਾਰੀ (12)

## ਦੁੱਖਦਾਈ ਵਿਛੋੜੇ

2020 ਦੇ ਦੂਜੇ ਮਹੀਨੇ ਦਾ ਪਹਿਲਾ ਦਿਨ ਆਉਂਦਿਆਂ-ਆਉਂਦਿਆਂ ਪੰਜਾਬੀ ਸਾਹਿਤ ਦੇ ਇੱਕ ਤੋਂ ਬਾਅਦ ਇੱਕ ਪੰਜ ਕਲਮਕਾਰਾਂ ਦਾ ਵਿਛੋੜਾ ਦੁਖਦਾਈ ਹੈ। ਪੰਜਾਂ ਕਲਾਕਾਰਾਂ ਨੇ ਵੱਖ-ਵੱਖ ਨਜ਼ਰੀਏ ਤੋਂ ਵੱਖ-ਵੱਖ ਵਿਧਾਵਾਂ ਵਿੱਚ ਰਚਨਾ ਕੀਤੀ। ਜਿੱਥੇ ਦਲੀਪ ਕੌਰ ਟਿਵਾਣਾ ਤੇ ਜਸਵੰਤ ਕੰਵਲ ਥੰਮ ਲੇਖਕ ਸਨ, ਨਾਵਲ ਰਚਨਾ 'ਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ ਉਥੇ ਸੁਰਜੀਤ ਹਾਂਸ ਨੇ ਇੱਕ ਪ੍ਰਬੁੱਧ ਵਿਦਵਾਨ ਤੇ ਰਚੇਤਾ ਵਜੋਂ ਨਾਂ ਕਮਾਇਆ। ਡਾ. ਸੁਰਜੀਤ ਢਿੱਲੋਂ ਨੇ ਵਿਗਿਆਨ ਵਰਗੇ ਵਿਸ਼ੇ 'ਚ ਗਿਆਨਵਰਧਕ ਤੇ ਰੌਚਕਤਾ ਭਰਪੂਰ ਲੇਖਕ ਵਜੋਂ ਨਾਮਣਾ ਖੱਟਿਆ। ਇੰਦਰ ਸਿੰਘ ਖਾਮੋਸ਼ ਵੀ ਸਿਰਜਣਾਤਮਕ ਲੇਖਕ ਸਨ। ਇੰਨ੍ਹਾਂ ਦਾ ਤੁਰ ਜਾਣਾ ਸਾਹਿਤ ਜਗਤ ਲਈ ਵੱਡਾ ਘਾਟਾ ਹੈ। ਹਨੇਰਿਆਂ ਦੇ ਦੌਰ 'ਚ ਪਦਮਸ਼੍ਰੀ ਵਰਗੇ ਸਨਮਾਨ ਨੂੰ ਵਾਪਸ ਮੋੜ ਕੇ ਸੱਚੇ-ਸੁੱਚੇ ਲੇਖਕ ਦਾ ਫਰਜ਼ ਪਾਲਣ ਵਾਲੀ ਦਲੀਪ ਕੌਰ ਟਿਵਾਣਾ ਵਰਗੀ ਦਲੇਰੀ ਤੇ ਹਿੰਮਤ ਤੋਂ ਪ੍ਰੇਰਣਾ ਲੈ ਕੇ ਅਦਾਰਾ ਇਨਕਲਾਬੀ ਸਾਡਾ ਰਾਹ ਵਿਛੜੇ ਕਲਮਕਾਰਾਂ ਨੂੰ ਯਾਦ ਕਰਦਾ ਹੋਇਆ ਇੱਕ ਬਰਾਬਰੀ ਵਾਲੇ ਨਵੇਂ-ਜਮਹੂਰੀ ਨਿਜ਼ਾਮ ਦੀ ਸਿਰਜਣਾ ਲਈ ਲਗਾਤਾਰ ਘਾਲਣਾ ਘਾਲਦੇ ਰਹਿਣ ਦਾ ਪ੍ਰਣ ਦੁਹਰਾਉਂਦਾ ਹੈ। — ਸੰਪਾਦਕ

# ਫਾਸ਼ੀਵਾਦ ਅਤੇ ਇਸ ਵਿਰੁੱਧ ਲੜਾਈ ਦਾ ਸੁਆਲ

ਸੰਘੀ ਫਾਸ਼ੀਵਾਦ ਨੇ ਜਿੱਥੇ ਆਪਣਾ ਹਮਲਾ ਤਿੱਖਾ ਕੀਤਾ ਹੋਇਆ ਹੈ ਉਥੇ ਇਸਦਾ ਵਿਰੋਧ ਵੀ ਤਿੱਖਾ ਅਤੇ ਵਿਆਪਕ ਹੁੰਦਾ ਜਾ ਰਿਹਾ ਹੈ। ਜਿੱਥੇ ਦਿੱਲੀ ਦਾ ਸ਼ਹੀਨ ਬਾਗ਼ ਫਾਸ਼ੀਵਾਦ ਵਿਰੁੱਧ ਪ੍ਰਤੀਰੋਧ ਦਾ ਕੇਂਦਰ ਅਤੇ ਪ੍ਰਤੀਕ ਬਣ ਕੇ ਉੱਭਰਿਆ ਹੈ, ਉਥੇ ਇਸਦੀ ਰੌਸ਼ਨੀ ਪੂਰੇ ਦੇਸ਼ ਵਿੱਚ ਫੈਲ ਗਈ ਹੈ। ਮੁਲਕ ਭਰ ਵਿੱਚ ਅਨੇਕਾਂ ਪ੍ਰਤੀਰੋਧੀ ਸ਼ਹੀਨ ਬਾਗ਼ ਬਣ ਗਏ ਹਨ। ਇਹ ਪ੍ਰਤੀਰੋਧ ਸਿਰਫ ਫੈਲ ਹੀ ਨਹੀਂ ਰਿਹਾ ਬਲਕਿ ਗਹਿਰਾ ਵੀ ਹੁੰਦਾ ਜਾ ਰਿਹਾ ਹੈ। ਇਸ ਪ੍ਰਤੀਰੋਧ ਦੇ ਕੇਂਦਰ ਨੂੰ ਉਖਾੜਨ ਲਈ ਸਰਕਾਰ ਅਤੇ ਸੰਘ ਵੱਲੋਂ ਕੀਤੇ ਯਤਨਾਂ ਦਾ ਕਮਾਲ ਦੀ ਸੂਝ-ਬੂਝ ਨਾਲ ਜੁਆਬ ਦਿੱਤਾ ਹੈ। ਸੰਘ ਦੀਆਂ ਹਿੰਸਾ ਭੜਕਾ ਕੇ ਉਸਦੇ ਬਹਾਨੇ ਨਾਲ ਦਮਨ ਕਰਕੇ ਖਦੇੜਨ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ ਗਿਆ ਹੈ। ਸੰਘ ਇਸ ਨੂੰ 'ਰਾਸ਼ਟਰਵਾਦ' ਵਿਰੋਧੀ ਬਣਾ ਕੇ ਪੇਸ਼ ਕਰਨ ਦਾ ਯਤਨ ਕਰ ਰਿਹਾ ਹੈ ਤਾਂ 26 ਜਨਵਰੀ ਦੇ ਦਿਨ ਲੋਕਾਂ ਨੇ 'ਰਾਸ਼ਟਰਵਾਦ' ਦਾ ਝੰਡਾ ਸੰਘ ਤੋਂ ਖੋਹ ਕੇ ਆਪਣੇ ਹੱਥ ਫੜ ਲਿਆ ਹੈ। ਸੰਘੀ ਸਰਕਾਰ ਫਸੀ ਹੋਈ ਹੈ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ, ਜੋ ਕਿ ਸੰਘ ਦਾ ਇਹਨਾਂ ਚੋਣਾਂ ਵਿੱਚ ਪ੍ਰਚਾਰਕ ਹੈ, ਨੇ ਸ਼ਹੀਨ ਬਾਗ਼ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਦਾ ਮੁੱਖ ਮੁੱਦਾ ਬਣਾ ਦਿੱਤਾ ਹੈ। ਪਰ ਸ਼ਹੀਨ ਬਾਗ਼ ਸ਼ਾਨਾਮੱਤੇ ਢੰਗ ਨਾਲ ਡਟਿਆ ਹੋਇਆ ਹੈ। ਬਿਜਲਈ ਮੀਡੀਆ ਦੇ ਕੁੱਝ ਚੈਨਲ ਜਿਹੜੇ ਸੰਘ ਸਰਕਾਰ ਦੇ ਧੂਤੂ ਬਣੇ ਹੋਏ ਸਨ, ਉਹਨਾਂ ਵਿੱਚੋਂ ਕੁੱਝ ਦੇ ਰੁਖ਼ ਵਿੱਚ ਤਬਦੀਲੀ ਆਈ ਹੈ, ਉਹਨਾਂ ਨੇ ਦੂਜਾ ਪੱਖ ਵੀ ਦਿਖਾਉਣਾ ਸ਼ੁਰੂ ਕੀਤਾ ਹੈ। ਬੁੱਧੀਜੀਵੀ, ਵਿਗਿਆਨੀ, ਆਰਥਿਕ ਮਾਹਿਰ ਵੱਡੀ ਗਿਣਤੀ ਵਿੱਚ ਇਸ ਲਹਿਰ ਦੀ ਹਮਾਇਤ ਵਿੱਚ ਆਏ ਹਨ। ਸੰਸਾਰ ਪੱਧਰ 'ਤੇ ਮੋਦੀ ਸਰਕਾਰ ਬੁਰੀ ਤਰ੍ਹਾਂ ਨਿੱਖੜੀ ਹੈ। ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਸੰਸਥਾ ਨੇ ਇਨਾਂ ਕਾਨੂੰਨਾਂ ਲਈ ਭਾਰਤ ਸਰਕਾਰ ਦੀ ਆਲੋਚਨਾ ਕੀਤੀ ਹੈ। ਯੂਰਪੀ ਪਾਰਲੀਮੈਂਟ ਦੇ 715 ਮੈਂਬਰਾਂ ਵਿੱਚੋਂ 625 ਮੈਂਬਰਾਂ ਨੇ ਮੋਦੀ ਸਰਕਾਰ ਦੇ ਵਿਰੋਧ ਦਾ ਮਤਾ ਪੇਸ਼ ਕੀਤਾ ਹੈ। ਅਮਰੀਕਾ ਦੀ ਮਨੁੱਖੀ ਅਧਿਕਾਰ ਜੱਥੇਬੰਦੀ ਨੇ ਅਮਿਤ ਸ਼ਾਹ ਅਤੇ ਮੋਦੀ ਦੇ ਅਮਰੀਕਾ ਵਿੱਚ ਦਾਖ਼ਲੇ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ। ਇਸਲਾਮੀ ਮੁਲਕਾਂ ਦੀ ਜੱਥੇਬੰਦੀ ਨੇ ਭਾਰਤ ਸਰਕਾਰ ਦੇ ਫਾਸ਼ੀਵਾਦ ਦੀ ਨਿਖੇਧੀ ਕੀਤੀ ਹੈ। ਲਕਜ਼ਮਬਰਗ ਦੇ ਪ੍ਰਧਾਨ ਮੰਤਰੀ ਨੇ ਖੁੱਲੇਆਮ, ਭਾਰਤ ਦੇ ਦੌਰੇ ਸਮੇਂ, ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਇਹ ਫਾਸ਼ੀ ਕਦਮ ਵਾਪਿਸ ਲੈਣ ਲਈ ਕਿਹਾ ਹੈ। ਇਹ ਸਿਰਫ ਕੁੱਝ ਕੁ ਉਦਾਹਰਨਾਂ ਹਨ। ਫ਼ਿਲਮ ਜਗਤ, ਸਿਨੇਮਾ ਜੋ ਆਮ ਕਰਕੇ ਭਟਕਾਊ ਰੋਲ ਅਦਾ ਕਰਦਾ ਹੈ, ਦਾ ਵੱਡਾ ਹਿੱਸਾ ਜਾਮੀਆ ਅਤੇ ਜੇ.ਐਨ.ਯੂ. ਵਿੱਚ ਵਿਦਿਆਰਥੀਆਂ 'ਤੇ ਹੋਏ ਜਬਰ ਉਪਰੰਤ ਫਾਸ਼ੀਵਾਦ ਦੇ ਵਿਰੋਧ ਵਿੱਚ ਆ ਗਿਆ ਹੈ।

ਜਿਸ ਵਿਆਪਕ ਪੈਮਾਨੇ 'ਤੇ ਲੋਕ ਫਾਸ਼ੀ ਹੱਲੇ ਵਿਰੁੱਧ ਸੜਕਾਂ 'ਤੇ ਉੱਤਰੇ ਹਨ, ਸੰਘ ਅਤੇ ਇਸਦੀ ਸਰਕਾਰ ਨੂੰ ਇਸਦੀ ਬਿਲਕੁਲ ਤਵੱਕੋ ਨਹੀਂ ਸੀ। ਕਿਉਂਕਿ 2019 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਇਹ ਆਪਣੇ ਬੂਤੇ 'ਤੇ ਹੀ ਤਿੰਨ ਸੌ ਤੋਂ ਵੱਧ ਸੀਟਾਂ ਜਿੱਤ ਕੇ ਆਈ ਸੀ। ਇਸਨੇ ਸੱਤਾ ਸੰਭਾਲਦਿਆਂ ਜੰਮੂ-ਕਸ਼ਮੀਰ ਰਿਆਸਤ ਦਾ ਸਿਰਫ ਵਿਸ਼ੇਸ਼ ਰੁਤਬਾ ਹੀ ਖਤਮ ਨਹੀਂ ਕੀਤਾ ਬਲਕਿ ਉਸਦੇ ਸੂਬੇ ਦੇ ਦਰਜੇ ਨੂੰ ਵੀ ਖਤਮ ਕਰਕੇ ਦੋ ਕੇਂਦਰ ਸਾਸ਼ਿਤ ਪ੍ਰਦੇਸ਼ ਬਣਾ ਦਿੱਤੇ ਤਾਂ ਇਸ ਬਿੱਲ ਦੀ ਕਈ ਵਿਰੋਧੀ ਪਾਰਟੀਆਂ ਨੇ ਵੀ ਹਮਾਇਤ ਕੀਤੀ। ਜਿਨਾਂ ਨੇ ਅਧਿਕਾਰਤ ਤੌਰ 'ਤੇ ਵਿਰੋਧ ਦੀ ਪੁਜੀਸ਼ਨ ਵੀ ਲਈ, ਉਨ੍ਹਾਂ ਦੇ ਵੀ ਕਾਫੀ ਮੈਂਬਰ ਗੈਰ-ਹਾਜ਼ਿਰ ਰਹਿ ਕੇ ਜਾਂ ਸਿੱਧੇ ਤੌਰ 'ਤੇ ਇਸਦੀ ਹਮਾਇਤ ਵਿੱਚ ਭੁਗਤੇ। ਸਿਰਫ ਇਨਕਲਾਬੀ ਧਿਰ ਨੇ ਹੀ ਕਸ਼ਮੀਰੀਆਂ ਦੇ ਸਵੈ-ਨਿਰਣੇ ਦੇ ਅਧਿਕਾਰ ਦੇ ਪੈਂਤੜੇ ਤੋਂ ਖੜ੍ਹ ਕੇ ਸਰਕਾਰ ਦੇ ਇਸ ਹੱਲੇ ਦਾ ਵਿਰੋਧ ਕੀਤਾ। ਬਾਕੀ ਸਭ ਪਾਰਟੀਆਂ ਨੇ ਕੇਵਲ ਜਮਹੂਰੀ ਹੱਕਾਂ ਦੀ ਬਹਾਲੀ ਦੀ ਹੀ ਮੰਗ ਕੀਤੀ ਅਤੇ ਉਹ ਵੀ ਦੱਬਵੀਂ ਜੀਭੇ। ਮੁਸਲਿਮ ਜਨਤਾ ਬਿਲਕੁਲ ਖਾਮੋਸ਼ ਰਹੀ। ਫਿਰ ਸੁਪਰੀਮ ਕੋਰਟ ਤੋਂ ਬਾਬਰੀ ਮਸਜਿਦ ਮਾਮਲੇ 'ਤੇ ਆਪਣੇ ਹੱਕ ਵਿੱਚ ਧੱਕੇ ਨਾਲ ਫੈਸਲਾ ਕਰਵਾ ਲਿਆ ਤਾਂ ਪਾਰਟੀ ਤੌਰ 'ਤੇ ਸਿਰਫ ਕਮਿਊਨਿਸਟ ਪਾਰਟੀ (ਐਮ-ਐਲ) ਨਿਊ ਡੈਮੋਕਰੇਸੀ ਅਤੇ ਇੱਕ ਅੱਧ ਇਨਕਲਾਬੀ ਧਿਰ ਤੋਂ ਬਿਨਾਂ ਕਿਸੇ ਨੇ ਇਸਦੀ ਵਿਰੋਧਤਾ ਨਹੀਂ ਕੀਤੀ। ਬਲਕਿ ਕੁਝ 'ਖੱਬੀਆਂ' ਪਾਰਟੀਆਂ ਨੇ ਤਾਂ ਇਸਦਾ ਸੁਆਗਤ ਕੀਤਾ। ਮੁਸਲਮਾਨ ਭਾਈਚਾਰਾ ਡਰ ਗਿਆ, ਇਸਤੋਂ ਸੰਘ ਨੂੰ ਲੱਗਿਆ ਕਿ ਉਹਨਾਂ ਦੇ ਫਾਸ਼ੀ ਅਸ਼ਵਮੇਧ ਯੱਗ ਦਾ ਘੋੜਾ ਹੁਣ ਬੇਰੋਕ ਦੌੜ ਸਕਦਾ ਹੈ। ਸੰਘੀਆਂ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਸ ਕਦਰ ਜਨਤਾ ਸੜਕਾਂ 'ਤੇ ਨਿਕਲ ਆਵੇਗੀ ਅਤੇ ਸੰਘੀਆਂ ਦੀ ਨੀਂਦ ਹਰਾਮ ਕਰ ਦੇਵੇਗੀ।

### ਕੀ ਸੰਘ ਸਰਕਾਰ ਪਿੱਛੇ ਮੁੜੇਗੀ

ਜਦੋਂ ਅਜਿਹਾ ਲਗਦਾ ਹੈ ਕਿ ਸੰਘ ਸਰਕਾਰ ਲਈ ਇਹ ਵਿਰੋਧ ਅਣਕਿਆਸਿਆ ਸੀ ਅਤੇ ਸਰਕਾਰ ਫਸੀ ਮਹਿਸੂਸ ਕਰਦੀ ਹੈ। ਜਦੋਂ ਯੂ.ਪੀ. ਵਿੱਚ ਉਸਨੇ ਅੰਨੇ ਜਬਰ ਦੀ ਹਨੇਰੀ ਝੁਲਾ ਕੇ ਵੀ ਦੇਖ ਲਈ ਪਰ ਲਖਨਊ ਦਾ ਘੰਟਾ ਘਰ ਦੂਜਾ ਸ਼ਹੀਨ ਬਾਗ਼ ਬਣ ਗਿਆ ਹੈ। ਯੂ.ਪੀ. ਦੇ ਕਈ ਸ਼ਹਿਰਾਂ ਵਿੱਚ

ਅਜਿਹੇ ਸ਼ਹੀਨ ਬਾਗ਼ ਬਣੇ ਹੋਏ ਹਨ ਤਾਂ ਸਰਕਾਰ ਫਸੀ ਮਹਿਸੂਸ ਕਰਦੀ ਹੈ। ਅਮਿਤ ਸ਼ਾਹ ਤੇ ਹੋਰ ਭਾਜਪਾ ਆਗੂ ਜਿਸ ਤਰ੍ਹਾਂ ਦੀ ਭਾਸ਼ਾ ਇਸਤੇਮਾਲ ਕਰ ਰਹੇ ਹਨ ਉਹ ਇਸਦੀ ਬੁਖਲਾਹਟ ਦਾ ਪ੍ਰਗਟਾਵਾ ਹੈ। ਅਜਿਹੀ ਸਥਿਤੀ ਵਿੱਚ ਇਹ ਸੁਆਲ ਉਠਦਾ ਹੈ ਕਿ ਕੀ ਸੰਘ ਸਰਕਾਰ ਪਿੱਛੇ ਹਟੇਗੀ?

ਫਾਸ਼ੀਵਾਦ ਦਾ ਇੱਕ ਖਾਸਾ ਹੈ, ਇਸਦੀ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਬੈਕ ਗੇਅਰ ਨਹੀਂ ਹੁੰਦਾ। ਇਹ ਇੱਕ ਵਾਰੀ ਅੱਗੇ ਵੱਲ ਚਲਦਾ ਹੈ ਤਾਂ ਪਿੱਛੇ ਮੁੜਨਾ ਨਹੀਂ ਜਾਣਦਾ ਹੈ। ਇਹ ਸਮਝ ਲਓ ਕਿ ਫਾਸ਼ੀਵਾਦ ਦਾ ਹਮਲਾ ਸ਼ੇਰ ਦੀ ਸਵਾਰੀ ਕਰਨ ਦੇ ਬਰਾਬਰ ਹੈ। ਸ਼ੇਰ ’ਤੇ ਜੇ ਕੋਈ ਇੱਕ ਵਾਰੀ ਚੜ੍ਹ ਜਾਂਦਾ ਹੈ ਤਾਂ ਫਿਰ ਉਤਰਨਾ ਚਾਹੇ ਤਾਂ ਵੀ ਉਹ ਇਸਤੋਂ ਉੱਤਰ ਨਹੀਂ ਸਕਦਾ। ਕਿਉਂਕਿ ਉਹ ਉੱਤਰਨ ਲੱਗੇਗਾ ਤਾਂ ਜਿਸ ਸ਼ੇਰ ’ਤੇ ਉਹ ਸਵਾਰ ਹੈ, ਉਹ ਸ਼ੇਰ ਹੀ ਉਸਨੂੰ ਖਾ ਜਾਵੇਗਾ। ਉਸਨੂੰ ਕੋਈ ਵਧੇਰੇ ਬਲਸ਼ਾਲੀ ਹੀ ਲਾਹ ਸਕਦਾ ਹੈ। ਇਸ ਲਈ ਇਹ ਫਾਸ਼ੀ ਹਮਲਾ ਪਿੱਛੇ ਨਹੀਂ ਮੁੜੇਗਾ। ਜੇਕਰ ਨਾਗਰਿਕਤਾ ਸੋਧ ਕਾਨੂੰਨ ਅਤੇ ਨਾਗਰਿਕਤਾ ਰਜਿਸਟਰ ਜਾਣਗੇ ਤਾਂ ਨਾਲ ਹੀ ਮੋਦੀ ਅਤੇ ਸ਼ਾਹ ਵੀ ਜਾਣਗੇ। ਹਾਂ ਦਾਅਪੇਚਕ ਤੌਰ ’ਤੇ ਵਿਰੋਧ ਦੇ ਤੇਜ਼ ਜਾਂ ਮੱਠਾ ਹੋਣ ’ਤੇ ਇਹ ਦਾਅਪੇਚਕ ਤੌਰ ’ਤੇ ਘਟ ਵਧ ਸਕਦਾ ਹੈ। ਅਮਲੀ ਤੌਰ ’ਤੇ ਸਮਝਣਾ ਹੋਵੇ ਤਾਂ ਆਰਥਿਕ ਤੌਰ ’ਤੇ ਦੇਸ਼ ਗਹਿਰੇ ਸੰਕਟ ’ਚ ਹੈ। ਮੋਦੀ ਦੇ ਸਾਬਕਾ ਆਰਥਿਕ ਸਲਾਹਕਾਰ, ਅਰਵਿੰਦ ਸੁਬਰਾਮਨੀਅਮ ਅਨੁਸਾਰ ਦੇਸ਼ ਦੀ ਆਰਥਿਕਤਾ ‘ਆਈ.ਸੀ.ਯੂ.’ ਵਿੱਚ ਹੈ। ਪੈਦਾਵਾਰ ਡਿੱਗ ਰਹੀ ਹੈ, ਮਹਿੰਗਾਈ ਵਧ ਰਹੀ ਹੈ। ਬੇਰੁਜ਼ਗਾਰੀ ਸਿਖਰਾਂ ਛੂਹ ਰਹੀ ਹੈ। ਆਰਥਿਕ ਮੰਦਵਾੜੇ ’ਚ ਫਸੀ ਜਨਤਾ ਨੂੰ ਰਾਹਤ ਦੇਣ ਲਈ ਅਤੇ ਜ਼ਿੰਦਗੀ ਨੂੰ ਸੌਖਿਆਂ ਕਰਨ ਲਈ ਕੁਝ ਨਹੀਂ। ਇਸੇ ਲਈ ਫਾਸ਼ੀ ਹਮਲਾ ਕੀਤਾ ਗਿਆ ਹੈ ਕਿ ਲੋਕ ਆਪਣੀ ਜ਼ਿੰਦਗੀ ਦੇ ਮੁੱਦਿਆਂ ’ਤੇ ਆਵਾਜ਼ ਨਾ ਉਠਾ ਸਕਣ। ਜੇਕਰ ਇਹ ਹਮਲਾ ਵੀ ਅਸਫ਼ਲ ਹੋ ਜਾਂਦਾ ਹੈ ਤਾਂ ਇਸਦਾ ਆਪਣਾ ਵੋਟ ਅਧਾਰ ਵੀ ਇਸਦੇ ਹੇਠੋਂ ਖਿਸਕ ਜਾਵੇਗਾ। ਇਸ ਨਾਲ ਸੰਘ ਇੱਕ ਲੰਬੇ ਅਰਸੇ ਲਈ ਪਿੱਛੇ ਧੱਕਿਆ ਜਾਵੇਗਾ। ਇਸ ਕਰਕੇ ਸੰਘ ਸਰਕਾਰ ਦੀ ਪਿੱਛੇ ਹਟਣ ਦੀ ਸੰਭਾਵਨਾ ਬਹੁਤ ਘੱਟ ਹੈ।

**ਫਾਸ਼ੀਵਾਦ ਵਿਰੋਧੀ ਲਹਿਰ ਦੀ ਵਿਸ਼ੇਸ਼ਤਾ**

ਇੱਕ ਇਹ ਸਮਝ ਹੈ ਕਿ ਯੂਨੀਵਰਸਿਟੀਆਂ ਅਤੇ ਉੱਚ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਦੀ ਅਤੇ ਮਿਲਣ ਵਾਲੇ ‘ਪੈਕੇਜ’ ਦੀ ਹੀ ਚਿੰਤਾ ਹੁੰਦੀ ਹੈ। ਇਹਨਾਂ ਨੂੰ ਆਪਣੇ ਤੋਂ ਬਾਹਰ, ਸਮਾਜ ਵਿੱਚ ਵਾਪਰ ਰਹੇ ਵਰਤਾਰਿਆਂ ਬਾਰੇ ਕੋਈ ਬਹੁਤਾ ਸਰੋਕਾਰ ਨਹੀਂ ਹੁੰਦਾ। ਮੁੰਡੇ ਕੁੜੀਆਂ ਆਪਸ ਵਿੱਚ ‘ਫਲੱਰਟ’ ਕਰਨ ਵਿੱਚ ਲੱਗੇ ਰਹਿੰਦੇ ਹਨ। ਸੰਘ ਦੇ ਸੋਸ਼ਲ ਮੀਡੀਆ ਦਹਿਸ਼ਤਗਰਦਾਂ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਰੁੱਧ ਪ੍ਰਚਾਰ ਕਰਦਿਆਂ ਕਿਹਾ ਕਿ ਇਸ ਯੂਨੀਵਰਸਿਟੀ ਦੇ ਹੋਸਟਲਾਂ ਵਿੱਚ ਡਰੱਗਜ਼ ਮਿਲਦੀਆਂ ਹਨ ਅਤੇ ਹੋਸਟਲਾਂ ਦੇ ਪਿਛਵਾੜੇ ਨਿਰੋਧ ਮਿਲਦੇ ਹਨ। ਦੇਰ ਰਾਤ ਤੱਕ ਮੁੰਡੇ ਕੁੜੀਆਂ ਝਾੜੀਆਂ ਪਿੱਛੇ ‘ਖੇਹ ਖਾਂਦੇ’ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਨੌਜਵਾਨ ਪੀੜ੍ਹੀ, ਇਹ ਨਵੀਂ ਜਨਰੇਸ਼ਨ, ਐਂਡਰੌਇਡ ਪੀੜ੍ਹੀ ਹੈ। ਇਹ ਸਾਰਾ ਦਿਨ ਫੋਨ ਵਿੱਚ ਖੁਭੀ ਰਹਿੰਦੀ ਹੈ ਅਤੇ ਰਾਤ ਨੂੰ ਅੱਧੀ ਰਾਤ ਤੱਕ ਨੰਗੀਆਂ-ਗੰਧੀਆਂ ਫ਼ਿਲਮਾਂ ਦੇਖਦੇ ਰਹਿੰਦੇ ਹਨ। ਇਹ ਪੀੜ੍ਹੀ ਸਮਾਜਿਕ ਸਰੋਕਾਰਾਂ ਤੋਂ ਬਿਲਕੁਲ ਸੱਖਣੀ ਹੈ। ਪਰ ਇਹ ਉੱਚ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀ ਅਤੇ ਦੇਸ਼ ਦੇ ਨੌਜਵਾਨ ਫਾਸ਼ੀਵਾਦ ਵਿਰੋਧੀ ਘੋਲ ਵਿੱਚ ਹਿਰਾਵਲ ਦਸਤਾ ਬਣੇ ਹੋਏ ਹਨ। ਦੇਸ਼ ਦੀਆਂ ਅਨੇਕਾਂ ਯੂਨੀਵਰਸਿਟੀਆਂ ਵਿੱਚ ਇੱਕ ਜਨ-ਉਭਾਰ ਆਇਆ ਹੋਇਆ ਹੈ। ਆਈ.ਆਈ.ਟੀਜ਼ ਨੇ ਸੰਘਰਸ਼ ਦੀ ਮਸ਼ਾਲ ਨੂੰ ਉੱਚਾ ਚੁੱਕਿਆ ਹੋਇਆ ਹੈ। ਭਾਵੇਂ ਅੱਜ ਸ਼ਹੀਨ ਬਾਗ਼ ਸਾਰੇ ਮੀਡੀਆ ਵਿੱਚ ਸਭ ਤੋਂ ਵੱਧ ਚਰਚਿਤ ਹੈ ਜੇਕਰ ਜਾਮੀਆ ਦੇ ਵਿਦਿਆਰਥੀਆਂ ਨੇ ਵਹਿਸ਼ੀ ਪੁਲਸ ਜਬਰ ਦਾ ਸਾਹਮਣਾ ਨਾ ਕੀਤਾ ਹੁੰਦਾ ਤਾਂ ਸ਼ਾਇਦ ਸ਼ਹੀਨ ਬਾਗ਼ ਨਾ ਹੁੰਦਾ। ਜਿਸ ਤਰ੍ਹਾਂ ਜੁਆਨੀ ਸੰਘਰਸ਼ ਦੇ ਮੈਦਾਨ ਵਿੱਚ ਉੱਤਰੀ ਹੈ, ਦੇਸ਼ ਦੀ ਇਨਕਲਾਬੀ ਲਹਿਰ ਲਈ ਬਹੁਤ ਉਤਸ਼ਾਹ ਵਾਲੀ ਗੱਲ ਹੈ। ਚੀਨ ਵਿੱਚ ਇਹ 4 ਮਈ ਦੇ ਨਾਂ ਨਾਲ ਜਾਣੀ ਜਾਂਦੀ ਨੌਜਵਾਨਾਂ ਦੀ ਲਹਿਰ ਸੀ ਜਿਸਨੇ ਚੀਨ ਵਿੱਚ ਇਨਕਲਾਬ ਨੂੰ ਅਥਾਹ ਬੱਲ ਬਖਸ਼ਿਆ ਸੀ। ਇਹ ਇਸ ਫਾਸ਼ੀਵਾਦ ਵਿਰੋਧੀ ਘੋਲ ਦੀ ਵਿਸ਼ੇਸ਼ਤਾ ਹੈ।

ਦੂਸਰੇ ਔਰਤਾਂ, ਜਿਹਨਾਂ ਬਾਰੇ ਇਹ ਕਿਹਾ ਜਾਂਦਾ ਸੀ ਕਿ ਇਹਨਾਂ ਦਾ ਕੰਮ ਸਿਰਫ ਘਰ ਸੰਭਾਲਣਾ ਹੈ, ਇਹਨਾਂ ਨੂੰ ਸਮਾਜਿਕ ਕੰਮਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਉਹ ਅੱਧਾ ਹਿੰਦੁਸਤਾਨ ਜਿਹੜਾ ਘਰਾਂ ਦੀ ਚਾਰਦੀਵਾਰੀ ਵਿੱਚ ਕੈਦ ਸੀ ਅੱਜ ਸੜਕਾਂ ’ਤੇ ਆਇਆ ਹੋਇਆ ਹੈ। ਖਾਸ ਤੌਰ ’ਤੇ ਮੁਸਲਮਾਨ ਔਰਤਾਂ ਜੋ ਕਿ ਪਰਦੇ ਅੰਦਰ ਢਕੀਆਂ ਰਹਿੰਦੀਆਂ ਹਨ। ਦਲਿਤਾਂ ਦੇ ਨਾਲ ਸ਼ਾਇਦ ਇਹ ਸਮਾਜ ਦਾ ਸਭ ਤੋਂ ਸਤਾਇਆ ਅਤੇ ਦਬਾਇਆ ਤਬਕਾ ਹੈ। ਉਹ ਔਰਤਾਂ ਅੱਜ ਵਿਦਰੋਹ ਦੀ ਆਵਾਜ਼ ਬਣੀਆਂ ਹੋਈਆਂ ਹਨ। ਉਸ ਵਿੱਚ ਉਮਰ ਦੇ ਆਖਰੀ ਪੜਾਅ ਵਿੱਚ ਪਹੁੰਚੀਆਂ ਔਰਤਾਂ ਵੀ ਹਨ। ਜਿਵੇਂ ਸ਼ਹੀਨ ਬਾਗ਼ ਦੀਆਂ ਤਿੰਨ ਦਾਦੀਆਂ ਇਸ ਰੋਸ ਪ੍ਰਗਟਾਵੇ ਦਾ ਚਿਹਰਾ ਬਣੀਆਂ ਹੋਈਆਂ ਹਨ। ਇਹਨਾਂ ਵਿੱਚ ਅੱਲੜ੍ਹ ਕਮਸਿਨ ਕੁੜੀਆਂ ਵੀ ਹਨ ਅਤੇ ਕਾਲਜਾਂ ਯੂਨੀਵਰਸਿਟੀਆਂ ਦੀਆਂ ਵਿਦਿਆਰਥਣਾਂ ਵੀ ਹਨ। ਇਹਨਾਂ ਵਿੱਚ ਆਪਣੇ ਬੱਚਿਆਂ ਨੂੰ ਗੋਦੀ ਚੁੱਕੀ ਆਈਆਂ ਮਾਵਾਂ ਵੀ ਹਨ। ਇਹੀ ਨਹੀਂ ਇਹਨਾਂ ਵਿੱਚ ਬੱਚੀਆਂ ਵੀ ਸ਼ਾਮਿਲ

ਹਨ। ਸੋਸ਼ਲ ਮੀਡੀਆ 'ਤੇ 'ਅਗਰ ਮਰਨਾ ਹੀ ਮੁਕੱਦਰ ਹੈ ਤੋਂ ਲੜ ਕੇ ਮਰੇਂਗੇ' ਨਜ਼ਮ ਬੋਲਦੀ ਬੱਚੀ ਵਿਦਰੋਹ ਦਾ ਪ੍ਰਤੀਕ ਬਣੀ ਹੋਈ ਹੈ। ਬੁਰਕੇ ਪਾਈ ਔਰਤਾਂ ਇਨਕਲਾਬ ਜਿੰਦਾਬਾਦ ਦੇ ਨਾਅਰੇ ਲਾਉਂਦੀਆਂ ਹਨ।

ਇਸ ਲਹਿਰ ਦੀ ਤੀਸਰੀ ਖਾਸੀਅਤ ਇਹ ਹੈ ਕਿ ਇਹ ਕਿਸੇ ਪਾਰਲੀਮਾਨੀ ਜਾਂ ਗੈਰ-ਪਾਰਲੀਮਾਨੀ ਪਾਰਟੀ ਦੀ ਖੜੀ ਕੀਤੀ ਲਹਿਰ ਨਹੀਂ। ਇਹ ਲੋਕਾਂ ਦਾ ਆਪਮੁਹਾਰੇ ਫੁੱਟਿਆ ਗੁੱਸਾ ਹੈ। ਇਹ ਨਾ ਕਿਸੇ ਪਾਰਟੀ ਦੀ ਕਰਨੀ ਹੈ ਅਤੇ ਨਾ ਹੀ ਕਿਸੇ ਪਾਰਟੀ ਦੀ ਅਗਵਾਈ ਵਿੱਚ ਚੱਲ ਰਹੀ ਹੈ। ਭਾਵੇਂ ਸੰਘੀ ਸਰਕਾਰ ਅਤੇ ਇਸਦੀਆਂ ਝੂਠ ਮਸ਼ੀਨਾਂ ਦਿਨ-ਰਾਤ ਇਸ ਪ੍ਰਚਾਰ ਵਿੱਚ ਲੱਗੀਆਂ ਹੋਈਆਂ ਹਨ ਕਿ ਇਸ ਅੰਦੋਲਨ ਦੇ ਪਿੱਛੇ ਕਾਂਗਰਸ ਪਾਰਟੀ ਦਾ ਹੱਥ ਹੈ। ਮੋਦੀ ਅਤੇ ਉਸਦੇ ਗਪੌੜੀਆਂ ਦਾ ਮਕਸਦ ਇਸ ਕੂੜ ਪ੍ਰਚਾਰ ਨਾਲ ਇਸ ਅੰਦੋਲਨ ਨੂੰ ਬਦਨਾਮ ਕਰਨਾ ਹੈ। ਪਰ ਬੱਚਾ ਬੱਚਾ ਸਮੇਤ ਇਹਨਾਂ ਵੈਦਿਕ ਗੋਇਬਲਾਂ ਦੇ ਇਹ ਜਾਣਦਾ ਹੈ ਕਿ ਨਾ ਇਸ ਅੰਦੋਲਨ ਪਿੱਛੇ ਕਿਸੇ ਪਾਰਟੀ ਦਾ ਹੱਥ ਹੈ ਅਤੇ ਨਾ ਹੀ ਇਹ ਕਿਸੇ ਪਾਰਟੀ ਦੀ ਅਗਵਾਈ ਵਿੱਚ ਹੈ। ਇਹ ਜ਼ਰੂਰ ਹੈ ਕਿ ਸਾਰੀਆਂ ਰਾਜਨੀਤਕ ਸ਼ਕਤੀਆਂ ਇਸ ਅੰਦੋਲਨ ਵਿੱਚ ਜਗ੍ਹਾ ਬਣਾਉਣ ਵਿੱਚ ਲੱਗੀਆਂ ਹੋਈਆਂ ਹਨ। ਇਸ ਕਰਕੇ ਕਾਂਗਰਸ ਦੇ ਕਿਸੇ ਆਗੂ ਵੱਲੋਂ ਸ਼ਹੀਨ ਬਾਗ਼ ਵਿੱਚ ਜਾ ਕੇ ਅੰਦੋਲਨ ਦੀ ਹਮਾਇਤ ਵਿੱਚ ਬੋਲ ਆਉਣ ਨੂੰ ਇਸਦੀ ਅਗਵਾਈ ਦੱਸਣਾ ਝੂਠ ਤਾਂ ਹੈ ਹੀ ਬਲਕਿ ਬੇਹੱਦ ਬੁਰੇ ਇਰਾਦਿਆਂ ਤੋਂ ਪ੍ਰੇਰਿਤ ਹੈ। ਉਥੇ ਜੋ ਵੀ ਜਾਂਦਾ ਹੈ, ਉਹ ਸਭ ਨੂੰ ਸਮਾਂ ਦਿੰਦੇ ਹਨ, ਇਹ ਵੱਖਰੀ ਗੱਲ ਹੈ ਕਿ ਭਾਜਪਾ ਦੇ ਆਗੂ ਡਰਦੇ ਹੋਏ ਅਤੇ ਝਾੜੂ ਪਾਰਟੀ ਵਾਲੇ ਆਪਣੀਆਂ ਵੋਟਾਂ ਟੁੱਟਣ ਦੇ ਡਰੋਂ ਉਥੇ ਨਹੀਂ ਜਾਂਦੇ।

### ਫਾਸ਼ੀਵਾਦ ਵਿਰੋਧੀ ਅੰਦੋਲਨ ਦੀਆਂ ਮੁਸ਼ਕਿਲਾਂ

ਇਸ ਅੰਦੋਲਨ ਦੀ ਇੱਕ ਸਮੱਸਿਆ ਇਹ ਹੈ ਕਿ ਲੋਕਾਂ ਨੂੰ ਇਹਨਾਂ ਕਾਨੂੰਨਾਂ ਅਤੇ ਇਹਨਾਂ ਤੋਂ ਨਿਕਲਣ ਵਾਲੇ ਸਿੱਟਿਆਂ ਬਾਰੇ ਅਗਿਆਨਤਾ ਹੈ। ਦੇਸ਼ ਵਿੱਚ ਲੋਕਾਂ ਦਾ ਇੱਕ ਵੱਡਾ ਹਿੱਸਾ ਹੈ ਜਿਹੜਾ ਇਸ ਸੂਚਨਾ-ਤੰਤਰ ਤੋਂ ਬਾਹਰ ਹੈ। ਚਾਹੇ ਪੰਜਾਬ ਵਿੱਚ ਅਜਿਹਾ ਪ੍ਰਤੀਤ ਨਹੀਂ ਹੁੰਦਾ ਪਰ ਦੇਸ਼ ਦੇ ਪੇਂਡੂ ਖੇਤਰ ਵਿੱਚ ਅਖ਼ਬਾਰਾਂ ਨਹੀਂ ਪਹੁੰਚਦੀਆਂ। ਟੈਲੀਵਿਯਨ ਦੀ ਵੀ ਵਿਆਪਕ ਪਹੁੰਚ ਨਹੀਂ। ਜਿੱਥੇ ਹੈ ਵੀ ਉਥੇ ਸਿਰਫ ਸਰਕਾਰੀ ਪ੍ਰਚਾਰ ਹੀ ਪਹੁੰਚਦਾ ਹੈ। ਹੁਣੇ ਜਿਹੇ ਇੰਡੀਆ ਟੁਡੇ ਨੇ ਇੱਕ ਸਰਵੇ ਕਰਵਾਇਆ ਹੈ। ਜਿਸ ਵਿੱਚ 33 ਪ੍ਰਤੀਸ਼ਤ ਅਰਥਾਤ ਤੀਜਾ ਹਿੱਸਾ ਲੋਕਾਂ ਨੂੰ ਇਸ ਬਾਰੇ ਪਤਾ ਹੀ ਨਹੀਂ। ਜਿਹਨਾਂ ਨੂੰ ਪਤਾ ਵੀ ਹੈ ਉਹਨਾਂ ਨੂੰ ਹੱਕ ਜਾਂ ਵਿਰੋਧ ਵਿੱਚ ਪ੍ਰਚਾਰ ਰਾਹੀਂ ਹੀ ਪਤਾ ਹੈ। ਸੰਘ ਇੱਕ ਮੁਹਿੰਮ ਦੇ ਤਹਿਤ ਲੋਕਾਂ ਤੋਂ ਇਹਨਾਂ ਕਾਨੂੰਨਾਂ ਦੇ ਹੱਕ ਵਿੱਚ ਮਿਸਡ ਕਾਲਾਂ ਮਰਵਾ ਰਿਹਾ ਹੈ। ਸੰਘ ਦੀ ਇੱਕ ਜੱਥੇਬੰਦੀ ਵਿਦਿਆ ਭਾਰਤੀ ਨੇ ਆਪਣੇ ਸਕੂਲਾਂ ਵਿੱਚ ਸਟਾਫ ਨੂੰ ਹੁਕਮ ਚਾੜ੍ਹਿਆ ਹੈ ਜਿਸ ਤਹਿਤ ਬੱਚਿਆਂ ਤੋਂ ਇਹਨਾਂ ਕਾਨੂੰਨਾਂ ਦੇ ਹੱਕ ਵਿੱਚ ਛਪਵਾਏ ਫਾਰਮਾਂ 'ਤੇ ਦਸਖ਼ਤ ਕਰਵਾਏ ਜਾ ਰਹੇ ਹਨ। ਇਸ ਕਰਕੇ ਇਸ ਅੰਦੋਲਨ ਵਿੱਚ ਸ਼ਾਮਿਲ ਧਿਰਾਂ ਅਤੇ ਹਮਾਇਤੀ ਧਿਰਾਂ ਨੂੰ ਇਹਨਾਂ ਕਾਨੂੰਨਾਂ ਦੇ ਵਿਸਥਾਰ ਅਤੇ ਫਾਸ਼ੀ ਮਨਸੂਬਿਆਂ ਬਾਰੇ ਚੇਤੰਨ ਕਰਨ ਦੀ ਜ਼ਰੂਰਤ ਹੈ।

ਦੂਸਰੇ ਇਹਨਾਂ ਕਾਨੂੰਨਾਂ ਬਾਰੇ ਜਿੰਨੀ ਕੁ ਵੀ ਆਮ ਲੋਕਾਂ ਨੂੰ ਜਾਣਕਾਰੀ ਹੈ ਉਹ ਇਹੀ ਹੈ ਕਿ ਸਰਕਾਰ ਨੇ ਮੁਸਲਮਾਨਾਂ ਵਿਰੁੱਧ ਕੋਈ ਕਾਨੂੰਨ ਬਣਾਏ ਹਨ ਜਿਨ੍ਹਾਂ ਕਰਕੇ ਮੁਲਕ ਵਿੱਚ ਰੌਲਾ ਪਿਆ ਹੋਇਆ ਹੈ। ਇਸ ਅੰਦੋਲਨ ਵਿੱਚ ਸ਼ਾਮਿਲ ਕਈ ਲੋਕ ਵੀ ਇਹ ਸਮਝਦੇ ਅਤੇ ਕਹਿੰਦੇ ਹਨ ਕਿ ਉਹ ਮੁਸਲਮਾਨਾਂ ਦੀ ਹਮਾਇਤ ਕਰਦੇ ਹਨ। ਇਹ ਪ੍ਰਵਚਨ ਫੌਰੀ ਤੌਰ 'ਤੇ ਅਤੇ ਮੁੱਢੋਂ-ਸੁੱਢੋਂ ਬਦਲਿਆ ਜਾਣਾ ਚਾਹੀਦਾ ਹੈ। ਕਿਉਂਕਿ ਜੇਕਰ ਇਹੀ ਪ੍ਰਵਚਨ ਰਹਿੰਦਾ ਹੈ ਤਾਂ ਫਾਸ਼ੀ ਤਾਕਤਾਂ ਦੀ ਰਾਹ ਅਸਾਨ ਹੋ ਜਾਵੇਗੀ। ਕਿਉਂਕਿ ਸੰਘ ਇਸਨੂੰ ਮੁਸਲਮਾਨਾਂ ਦਾ ਮੁੱਦਾ ਬਣਾ ਕੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਕਤਾਰਬੰਦੀ ਕਰਕੇ ਹਿੰਦੂ ਜਨਤਾ ਨੂੰ ਆਪਣੇ ਪਿੱਛੇ ਲਾਮਬੰਦ ਕਰਨ ਦੀ ਰਣਨੀਤੀ 'ਤੇ ਚੱਲ ਰਿਹਾ ਹੈ। ਸੰਘ ਦੀ ਇਸ ਚਾਲ ਨੂੰ ਮਾਤ ਦੇਣਾ ਬੇਹੱਦ ਜ਼ਰੂਰੀ ਹੈ। ਹਿੰਦੂ ਜਨਤਾ ਨੂੰ ਫਾਸ਼ੀਵਾਦ ਵਿਰੁੱਧ ਲਾਮਬੰਦ ਕਰਨਾ ਲਹਿਰ ਦੀ ਅਣਸਰਦੀ ਲੋੜ ਹੈ। ਫਾਸ਼ੀਵਾਦ ਦੀ ਹਾਰ ਇਸੇ ਗੱਲ 'ਤੇ ਨਿਰਭਰ ਕਰੇਗੀ ਕਿ ਲਹਿਰ ਹਿੰਦੂ ਜਨਤਾ ਨੂੰ ਫਾਸ਼ੀਵਾਦ ਦੇ ਵਿਰੋਧ ਦੇ ਪੈਂਤੜੇ 'ਤੇ ਲਿਆ ਸਕੇਗੀ ਜਾਂ ਨਹੀਂ। ਹਿੰਦੂ ਜਨਤਾ ਵਿਸ਼ਾਲ ਪੱਧਰ 'ਤੇ ਫਾਸ਼ੀਵਾਦ ਵਿਰੁੱਧ ਖੜੀ ਹੋ ਜਾਂਦੀ ਹੈ ਤਾਂ ਫਾਸ਼ੀਵਾਦ ਦੀ ਹਾਰ ਨਿਸ਼ਚਿਤ ਹੈ। ਲਹਿਰ ਅੱਗੇ ਖੜੀ ਇਸ ਸਮੱਸਿਆ ਨੂੰ ਖੜੇ ਪੈਰ ਹੱਲ ਕਰਨਾ ਜ਼ਰੂਰੀ ਹੈ।

ਤੀਸਰੇ ਲੋਕਾਂ ਦਾ ਇੱਕ ਹਿੱਸਾ ਇਸਨੂੰ ਸਿਰਫ ਦੋ ਕਾਲੇ ਕਾਨੂੰਨਾਂ ਦੇ ਮਸਲੇ ਵਜੋਂ ਦੇਖਦਾ ਹੈ। ਉਹ ਇਸਨੂੰ ਫਾਸ਼ੀਵਾਦ ਦੇ ਹੱਲੇ ਵਜੋਂ ਨਹੀਂ ਦੇਖਦਾ। ਉਹ ਜੇਕਰ ਇਸਦਾ ਵਿਰੋਧ ਵੀ ਕਰਦਾ ਹੈ ਤਾਂ ਇਸੇ ਪੈਂਤੜੇ ਤੋਂ ਕਰਦਾ ਹੈ। ਇਹ ਉਦਾਹਰਣ ਵੀ ਦਿੱਤੀ ਜਾਂਦੀ ਹੈ ਕਿ ਜਿਵੇਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਬਣਾਏ ਕਾਨੂੰਨ ਵਿਰੁੱਧ ਜਨਤਕ ਜੱਥੇਬੰਦੀਆਂ ਦਾ ਥੜਾ ਬਣਾ ਕੇ ਸੰਘਰਸ਼ ਕੀਤਾ ਗਿਆ ਸੀ ਉਵੇਂ ਇਸ ਕਾਲੇ ਕਾਨੂੰਨ ਵਿਰੁੱਧ ਲੜਿਆ ਜਾਣਾ ਚਾਹੀਦਾ ਹੈ। ਫਾਸ਼ੀਵਾਦ ਹਾਕਮ ਜਮਾਤ ਦਾ ਸਭ ਤੋਂ ਖ਼ੂਨੀ ਹਮਲਾ ਹੁੰਦਾ ਹੈ। ਇਸ ਵਿਰੁੱਧ ਲੜਾਈ ਇੱਕ ਰਾਜਨੀਤਕ ਲੜਾਈ ਹੈ। ਇਸਨੂੰ ਇਸੇ ਪੱਧਰ 'ਤੇ ਲੜਿਆ ਜਾ ਸਕਦਾ ਹੈ। ਇਸਨੂੰ ਤੰਗ ਦਾਇਰਿਆਂ ਵਿੱਚ ਸਮੇਟਣ ਦੀ ਕੋਸ਼ਿਸ਼ ਕਰਨਾ ਇਸ ਸੰਘਰਸ਼ ਨੂੰ ਕਮਜ਼ੋਰ ਕਰਨਾ ਹੈ, ਜੋ ਅੰਤਿਮ ਤੌਰ 'ਤੇ

ਫਾਸ਼ੀਵਾਦ ਦੇ ਹੱਕ ਵਿੱਚ ਭੁਗਤਦਾ ਹੈ। ਕਮਿਊਨਿਸਟ ਇਨਕਲਾਬੀਆਂ ਵਿੱਚ ਇਹ ਅਜਿਹੀ ਸਮਝ ਮੌਜੂਦ ਹੈ ਕਿ ਭਾਰਤ ਵਿੱਚ ਮੁੱਖ-ਵਿਰੋਧਤਾਈ ਜਗੀਰੂ ਪ੍ਰਬੰਧ ਤੇ ਲੋਕਾਂ ਵਿਚਕਾਰ ਹੈ। ਜਿਸਦਾ ਅਰਥ ਹੈ ਕਿ ਇਹ ਇੱਕ ਜਗੀਰੂ ਪ੍ਰਬੰਧ ਹੈ। ਜਗੀਰੂ ਪ੍ਰਬੰਧ ਵਿੱਚ ਕਿਸੇ ਵੀ ਕਿਸਮ ਦੀ ਜਮਹੂਰੀਅਤ ਸੰਭਵ ਹੀ ਨਹੀਂ। ਇਹ ਇੱਕ ਆਪਾਸ਼ਾਹ ਰਾਜ ਹੈ ਜੋ ਹਕੀਕਤ ਵਿੱਚ ਫਾਸ਼ੀਵਾਦੀ ਹੀ ਹੈ। ਇਸ ਕਰਕੇ ਇਹ ਕੋਈ ਫਾਸ਼ੀ ਹਮਲੇ ਦਾ ਹਿੱਸਾ ਨਹੀਂ ਸਿਰਫ ਕਾਲੇ ਕਾਨੂੰਨ ਹਨ। ਇਸੇ ਨਜ਼ਰੀਏ ਨਾਲ ਹੀ ਇਸਦਾ ਵਿਰੋਧ ਕਰਨਾ ਚਾਹੀਦਾ ਹੈ। ਅੱਜ ਦੇ ਸਮੇਂ ਵਿੱਚ ਇਹ ਸਮਝ ਖਤਰਨਾਕ ਸਿੱਟਿਆਂ ਵੱਲ ਲਿਜਾਂਦੀ ਹੈ। ਇਸ ਕਰਕੇ ਇਹਨਾਂ ਨੂੰ ਆਪਣੀ ਸਮਝ 'ਤੇ ਨਜ਼ਰਸਾਨੀ ਕਰਨੀ ਚਾਹੀਦੀ ਹੈ।

**ਫਾਸ਼ੀਵਾਦ ਜਾਂ ਇਨਕਲਾਬ**

ਅੱਜ ਜਦੋਂ ਸੰਘ ਨੇ ਬੇਕਿਰਕ ਫਾਸ਼ੀ ਹਮਲਾ ਵਿੱਢਿਆ ਹੋਇਆ ਹੈ ਤਾਂ ਜਿੱਥੇ ਫਾਸ਼ੀ ਤਾਨਾਸ਼ਾਹੀ ਸਥਾਪਿਤ ਹੋ ਜਾਵੇ, ਲੋਕਾਂ ਦੇ ਜੋ ਥੋੜੇ ਬਹੁਤ ਅਧਿਕਾਰ ਹਨ, ਉਹਨਾਂ ਦਾ ਮੁਕੰਮਲ ਖਾਤਮਾ ਅਤੇ ਥੋੜੀ ਬਹੁਤ ਜਮਹੂਰੀ ਸਪੇਸ ਦੇ ਸਫ਼ਾਏ ਦਾ ਖਤਰਾ ਸਾਡੇ ਸਿਰਾਂ 'ਤੇ ਮੰਡਰਾਅ ਰਿਹਾ ਹੈ ਤਾਂ ਇਤਿਹਾਸ ਦਾ ਉਹ ਕਾਲਾ ਦੌਰ ਸਾਡੇ ਸਾਹਮਣੇ ਆ ਖਲੋਂਦਾ ਹੈ ਜਦੋਂ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਗੈਸ ਚੈਂਬਰਾਂ ਵਿੱਚ ਸੁੱਟ ਕੇ ਮਾਰ ਦਿੱਤਾ ਸੀ। ਲੋਕਾਂ ਨੂੰ ਡੀਟੈਨਸ਼ਨ ਸੈਂਟਰਾਂ ਵਿੱਚ ਮੌਤ ਤੋਂ ਵੀ ਭਿਆਨਕ ਹਾਲਤਾਂ ਵਿੱਚ ਤਿਲ-ਤਿਲ ਕਰਕੇ ਮਰਨ ਲਈ ਸੁੱਟ ਦਿੱਤਾ ਸੀ। ਪੂਰੀ ਦੁਨੀਆਂ 'ਤੇ ਇੱਕ ਨਿਹੱਕੀ ਜੰਗ ਲੱਦ ਦਿੱਤੀ ਗਈ ਸੀ ਅਤੇ ਸਾਰੀ ਦੁਨੀਆਂ ਨੂੰ ਇੱਕ ਭਿਆਨਕ ਮਾਨਵੀ ਤ੍ਰਾਸਦੀ ਦੇ ਮੂੰਹ ਵਿੱਚ ਧੱਕ ਦਿੱਤਾ ਗਿਆ ਸੀ। ਜਦੋਂ ਇਹ ਖਤਰਾ ਸਾਡੇ ਸਿਰਾਂ 'ਤੇ ਮੰਡਰਾਅ ਰਿਹਾ ਹੈ ਤਾਂ ਇਹ ਸਥਿਤੀ ਇਨਕਲਾਬ ਲਈ ਵੀ ਬਹੁਤ ਸਾਜ਼ਗਾਰ ਹੈ, ਸ਼ਾਇਦ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਹੋ ਰਿਹਾ ਹੈ ਕਿ ਲੱਖਾਂ ਲੋਕ ਸੜਕਾਂ 'ਤੇ ਨਿਕਲ ਆਏ ਹਨ। ਨਿਕਲੇ ਹੀ ਨਹੀਂ ਬਲਕਿ ਪੂਰੀ ਦ੍ਰਿੜਤਾ ਅਤੇ ਦਲੇਰੀ ਨਾਲ ਡਟੇ ਹੋਏ ਹਨ। ਇਨ੍ਹਾਂ ਵਿੱਚ ਉਹ ਹਿੱਸੇ ਵੀ ਫੈਸਲਾਕੁੰਨ ਰੂਪ ਵਿੱਚ ਸ਼ਾਮਿਲ ਹਨ ਜਿਨ੍ਹਾਂ ਨੂੰ ਸਮਾਜ ਦੇ ਸਭ ਤੋਂ ਪਿਛੜੇ ਹਿੱਸਿਆਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ। ਇਹ ਲੋਕ ਕੋਈ ਕਰਜ਼ੇ ਮਾਫ ਕਰਾਉਣ, ਤਨਖਾਹਾਂ/ਡੀ.ਏ. ਵਧਾਉਣ ਜਾਂ ਪੈਨਸ਼ਨਾਂ ਪਲਾਟ ਲੈਣ ਲਈ ਸੜਕਾਂ 'ਤੇ ਨਹੀਂ ਡਟੇ ਹੋਏ। ਇਹ ਨੌਕਰੀਆਂ ਲਈ ਨਹੀਂ ਜੱਦੋਜਹਿਦ ਕਰ ਰਹੇ, ਬਲਕਿ ਫਾਸ਼ੀ ਹੱਲੇ ਨੂੰ ਠੱਲਣ ਲਈ ਡਟੇ ਹੋਏ ਹਨ। ਕਮਿਊਨਿਸਟ ਕਹਾਉਣ ਵਾਲੇ ਅਤੇ ਕਈ ਇਨਕਲਾਬੀ ਵੀ ਇਹ ਕਹਿੰਦੇ ਹਨ ਕਿ ਲੋਕ ਸਿੱਧੇ ਸਿਆਸੀ ਮਸਲਿਆਂ 'ਤੇ ਨਹੀਂ ਆਉਂਦੇ, ਉਹ ਆਪਣੇ ਆਰਥਿਕ ਮਸਲਿਆਂ 'ਤੇ ਹੀ ਆਉਂਦੇ ਹਨ। ਫਾਸ਼ੀਵਾਦ ਵਿਰੁੱਧ ਸਿੱਧੇ ਰੂਪ ਵਿੱਚ ਡਟਿਆ ਇਹ ਹਜ਼ੂਮ ਇਸ ਆਰਥਿਕਵਾਦੀ ਧਾਰਨਾ ਦਾ ਸਜੀਵ ਖੰਡਨ ਹੈ।

ਲੈਨਿਨ ਨੇ ਇਨਕਲਾਬੀ ਸਥਿਤੀ ਲਈ ਤਿੰਨ ਤੱਤਾਂ ਦੀ ਮੌਜੂਦਗੀ ਨੂੰ ਜ਼ਰੂਰੀ ਦੱਸਿਆ ਹੈ। ਪਹਿਲਾ ਹੈ ਆਰਥਿਕ ਅਤੇ ਰਾਜਨੀਤਕ ਸੰਕਟ, ਦੂਸਰਾ ਰਾਜ ਕਰ ਰਹੀਆਂ ਹਾਕਮ ਜਮਾਤਾਂ ਪਹਿਲੇ ਢੰਗ ਤਰੀਕਿਆਂ ਨਾਲ ਰਾਜ ਕਰਨੋਂ ਅਸਮਰੱਥ ਹੋ ਜਾਂਦੀਆਂ ਹਨ ਅਤੇ ਤੀਸਰਾ ਹੈ ਕਿ ਲੋਕ ਪਹਿਲੇ ਢੰਗ ਤਰੀਕਿਆਂ ਨਾਲ ਰਾਜ ਕੀਤੇ ਜਾਣ ਤੋਂ ਇਨਕਾਰੀ ਹੋ ਜਾਂਦੇ ਹਨ। ਬਾਹਰਮੁਖੀ ਤੌਰ 'ਤੇ ਇਨਕਲਾਬੀ ਸਥਿਤੀ ਲਈ ਇਹ ਜ਼ਰੂਰੀ ਹੈ। ਵਰਤਮਾਨ ਵਿੱਚ ਵੱਧ-ਘੱਟ ਰੂਪ ਵਿੱਚ ਮੌਜੂਦ ਹਨ। ਪਰ ਇਨਕਲਾਬੀ ਸਥਿਤੀ 'ਚੋਂ ਆਪਣੇ ਆਪ ਹੀ ਇਨਕਲਾਬ ਨਹੀਂ ਹੋ ਜਾਂਦਾ। ਇਹ ਇਨਕਲਾਬੀ ਸ਼ਕਤੀਆਂ ਦੀ ਸਮਝ, ਸਮਰੱਥਾ, ਦਲੇਰੀ ਤੇ ਦ੍ਰਿੜਤਾ ਅਤੇ ਪਹਿਲਕਦਮੀ 'ਤੇ ਨਿਰਭਰ ਕਰਦਾ ਹੈ। ਇਸ ਲਈ ਇਨਕਲਾਬੀ ਸ਼ਕਤੀਆਂ ਨੂੰ ਸਿਰ ਅਤੇ ਹੱਥ ਦੋਵੇਂ ਜੋੜ/ਮਿਲਾ ਕੇ ਅੱਗੇ ਵਧਣਾ ਚਾਹੀਦਾ ਹੈ। ਸਥਿਤੀ ਨੂੰ ਸਮਝਦੇ ਹੋਏ, ਸਾਂਝੇ ਮੋਰਚੇ ਦੇ ਰਾਹ ਨੂੰ ਲਾਗੂ ਕਰਨਾ ਚਾਹੀਦਾ ਹੈ।

**— ਫਾਸ਼ੀਵਾਦ ਵਿਰੁੱਧ ਸਾਹਮਣੇ ਆਇਆ ਅੰਦੋਲਨ ਇੱਕ ਆਪ ਮੁਹਾਰਾ ਜਨਤਕ ਉਭਾਰ ਹੈ, ਜਿਸ ਵਿੱਚ ਵੱਖ-ਵੱਖ ਰਾਜਨੀਤਕ ਸ਼ਕਤੀਆਂ ਆਪਣੀ ਸਪੇਸ ਬਣਾਉਣ ਲਈ ਯਤਨਸ਼ੀਲ ਹਨ।**

**— ਇਸ ਵਿੱਚ ਇਨਕਲਾਬੀ ਤਾਕਤਾਂ ਨੂੰ ਆਪਣੀ ਇਨਕਲਾਬੀ ਸੇਧ ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰਨਾ ਚਾਹੀਦਾ ਹੈ।**

**— ਪਰੰਤੂ ਅਜਿਹਾ ਕਰਦਿਆਂ ਸਾਨੂੰ ਹਾਸਲ ਸਾਂਝ ਵਿੱਚ ਤਰੇੜ ਆਉਣ ਤੋਂ ਬਚਾਉਣ ਦਾ ਯਤਨ ਕਰਨਾ ਚਾਹੀਦਾ ਹੈ। ਅਜਿਹੀ ਤਰੇੜ ਨਹੀਂ ਆਉਣ ਦੇਣੀ ਚਾਹੀਦੀ।**

**— ਸਾਨੂੰ ਤੰਗਨਜ਼ਰੀ ਨੂੰ ਤਿਆਗਣਾ ਚਾਹੀਦਾ ਹੈ ਅਤੇ ਝੰਡੇ ਅਤੇ ਸੰਵਿਧਾਨ ਜਿਹੇ ਮੁੱਦਿਆਂ 'ਤੇ ਕੋਈ ਉਲਟਾ ਪ੍ਰਤੀਕਰਮ ਨਹੀਂ ਕਰਨਾ ਚਾਹੀਦਾ।**

**— ਸਾਨੂੰ ਵੱਧ ਤੋਂ ਵੱਧ ਸ਼ਕਤੀਆਂ ਨੂੰ ਇਕੱਠਿਆਂ ਕਰਨ ਦੀ ਪਹੁੰਚ ਲੈਣੀ ਚਾਹੀਦੀ ਹੈ। ਇਸ ਲਈ ਜੇਕਰ ਇੱਕ ਪਲੇਟਫਾਰਮ ਨਹੀਂ ਵੀ ਬਣਦਾ ਤਾਂ ਲੋੜ ਅਨੁਸਾਰ ਪਲੇਟਫਾਰਮ ਬਣਾ ਕੇ ਉਹਨਾਂ ਵਿਚਕਾਰ ਤਾਲਮੇਲ ਦੇ ਯਤਨ ਕਰਨੇ ਚਾਹੀਦੇ ਹਨ।**

**— ਫਾਸ਼ੀਵਾਦ ਦਾ ਹਮਲਾ ਬਹੁਪੱਖੀ ਹੈ। ਇਹ ਰਾਜਨੀਤਕ, ਆਰਥਿਕ, ਸੱਭਿਆਚਾਰਕ ਅਤੇ ਸਮਾਜਿਕ ਹੈ। ਇਸਨੂੰ ਇਹਨਾਂ ਸਾਰੇ ਮੋਰਚਿਆਂ 'ਤੇ ਲੜਾਈ ਦਿੱਤੀ ਜਾਣੀ ਚਾਹੀਦੀ ਹੈ।**

**— ਹਾਕਮ ਜਮਾਤਾਂ ਦੀਆਂ ਬਾਕੀ ਪਾਰਟੀਆਂ ਦਾ ਕਿਰਦਾਰ ਅਤੇ ਉਹਨਾਂ ਦਾ ਬੀਤੇ ਵਿੱਚ ਰੋਲ ਇੱਕ ਪਲ ਲਈ ਵੀ ਸਾਡੀਆਂ ਅੱਖਾਂ ਤੋਂ ਓਝਲ ਨਹੀਂ ਹੋਣਾ ਚਾਹੀਦਾ, ਪਰ ਤਾਂ ਵੀ ਚੋਟ ਨਿਸ਼ਾਨਾ ਸੰਘੀ ਫਾਸ਼ੀਵਾਦ ਤੇ ਕੇਂਦਰਿਤ ਕਰਨਾ ਚਾਹੀਦਾ ਹੈ।**

# ਸੰਘ ਦਾ ਔਰਤ ਵਿਰੋਧੀ ਏਜੰਡਾ ਅਤੇ ਔਰਤਾਂ ਦਾ ਉੱਭਰਦਾ ਪ੍ਰਤੀਰੋਧ

ਦੇਸ਼ 'ਚ ਫਾਸ਼ੀਵਾਦੀ ਹਮਲੇ ਦੀ ਧਾਰ ਜਿਵੇਂ-ਜਿਵੇਂ ਤਿੱਖੀ ਹੋ ਰਹੀ ਹੈ ਉਵੇਂ-ਉਵੇਂ ਇਸ ਵਿਰੁੱਧ ਲੋਕ ਰੋਹ ਤਿੱਖਾ ਹੋ ਰਿਹਾ ਹੈ। ਇਸ ਲੋਕ ਰੋਹ 'ਚ ਕਈ ਵਿਸ਼ੇਸ਼ ਪਹਿਲੂ ਉੱਭਰ ਕੇ ਸਾਹਮਣੇ ਆ ਰਹੇ ਹਨ, ਇਨ੍ਹਾਂ ਵਿੱਚੋਂ ਇੱਕ ਪਹਿਲੂ ਹੈ ਔਰਤਾਂ ਦਾ ਇਸ ਘੋਲ 'ਚ ਖੁੱਲ ਕੇ ਸਾਹਮਣੇ ਆਉਣਾ। ਔਰਤਾਂ ਦੇ ਉਹ ਹਿੱਸੇ ਜਿੰਨ੍ਹਾਂ ਨੂੰ ਹੁਣ ਤੱਕ ਸਭ ਤੋਂ ਵੱਧ ਦਾਬੇ ਦਾ ਸ਼ਿਕਾਰ ਤੇ ਪਛੜਿਆ ਮੰਨਿਆ ਜਾਂਦਾ ਰਿਹਾ ਹੈ, ਉਹ ਇਸ ਘੋਲ 'ਚ ਨਵੇਂ ਆਯਾਮ ਸਥਾਪਤ ਕਰ ਰਹੀਆਂ ਹਨ। ਮੁਸਲਿਮ ਵਰਗ ਨਾਲ ਸਬੰਧਿਤ ਔਰਤਾਂ ਇਹਨਾਂ ਸੰਘਰਸ਼ਾਂ ਦੀਆਂ ਮੂਹਰਲੀਆਂ ਕਤਾਰਾਂ ਵਿੱਚ ਹਨ ਜਿਹੜਾ ਵਰਗ ਸਾਡੇ ਸਮਾਜ ਵਿੱਚ ਸਭ ਤੋਂ ਵੱਧ ਦਬਾਇਆ ਹੋਇਆ ਅਤੇ ਘਰਾਂ ਅੰਦਰ ਕੈਦ ਸੀ। ਇਸ ਸੰਘਰਸ਼ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਔਰਤਾਂ ਦਾ ਇਹ ਸੰਘਰਸ਼ ਕਿਸੇ ਆਰਥਿਕ ਮਸਲੇ ਨੂੰ ਲੈ ਕੇ ਨਹੀਂ ਬਲਕਿ ਇਹ ਸੰਘਰਸ਼ ਨਿਰੋਲ ਰਾਜਨੀਤਕ ਮੁੱਦੇ ਨੂੰ ਲੈ ਕੇ ਹੈ। ਔਰਤਾਂ ਨਾ ਸਿਰਫ ਸੰਘਰਸ਼ ਦੇ ਮੈਦਾਨ 'ਚ ਹਨ ਬਲਕਿ ਸੰਘਰਸ਼ਾਂ ਦੀ ਸੁਯੋਗ ਅਗਵਾਈ ਕਰ ਰਹੀਆਂ ਹਨ। ਦਿੱਲੀ ਵਿਚਲਾ ਸ਼ਹੀਨ ਬਾਗ਼ ਅੱਜ ਸੰਘ ਦੇ ਹਿੰਦੂਤਵੀ ਫਾਸ਼ੀਵਾਦੀ ਹਮਲੇ ਦੇ ਖ਼ਿਲਾਫ਼ ਪ੍ਰਤੀਰੋਧ ਦਾ ਕੇਂਦਰ ਬਣ ਚੁੱਕਾ ਹੈ, ਜਿਸ ਤੋਂ ਪ੍ਰੇਰਨਾ ਲੈਂਦੇ ਹੋਏ ਪੂਰੇ ਮੁਲਕ ਵਿੱਚ ਸ਼ਹੀਨ ਬਾਗ਼ ਉੱਸਰ ਰਹੇ ਹਨ। ਬਾਲੀਵੁੱਡ ਦੀ ਚਮਕ ਦਮਕ ਵਾਲੀ ਦੁਨੀਆਂ ਵਿੱਚੋਂ ਸਵਰਾ ਭਾਸਕਰ, ਦੀਆ ਮਿਰਜ਼ਾ, ਪੂਜਾ ਭੱਟ, ਆਲੀਆ ਭੱਟ, ਨੰਦਿਤਾ ਦਾਸ, ਦੀਪਿਕਾ ਪਾਦੂਕੋਨ ਅਤੇ ਸ਼ਬਾਨਾ ਆਜ਼ਮੀ ਵਰਗੀਆਂ ਫ਼ਿਲਮੀ ਹਸਤੀਆਂ ਦਾ ਇਸ ਘੋਲ ਨੂੰ ਸਮਰਥਨ ਅਤੇ ਹਾਜ਼ਰੀ ਇਸ ਘੋਲ ਦਾ ਅਹਿਮ ਪੱਖ ਹੈ।

ਪੂਰੇ ਮੁਲਕ ਵਿੱਚ ਇਸ ਸਮੇਂ ਲੱਖਾਂ ਦੀ ਗਿਣਤੀ ਵਿੱਚ 168 ਥਾਵਾਂ ਉਪਰ ਮੋਰਚੇ ਲੱਗੇ ਹਨ। ਭਾਰਤ ਵਿੱਚ ਸੰਘ ਦੁਆਰਾ ਆਪਣੇ ਫਾਸ਼ੀਵਾਦੀ ਏਜੰਡੇ ਦੇ ਤਹਿਤ ਲਗਾਤਾਰ ਘੱਟ ਗਿਣਤੀਆਂ, ਦਲਿਤਾਂ, ਬੁੱਧੀਜੀਵੀਆਂ, ਕਮਿਊਨਿਸਟਾਂ ਅਤੇ ਔਰਤਾਂ ਨੂੰ ਵੱਖ-ਵੱਖ ਤਰ੍ਹਾਂ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 2014 ਵਿੱਚ ਭਾਜਪਾ ਦੁਆਰਾ ਪੂਰਨ ਬਹੁਮਤ ਹਾਸਲ ਕਰਕੇ ਸੱਤਾ ਵਿੱਚ ਆਉਣ ਤੋਂ ਬਾਅਦ ਸੰਘ ਦੁਆਰਾ 'ਹਿੰਦੂ ਰਾਸ਼ਟਰ' ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰ ਦਿੱਤਾ ਅਤੇ ਕਿਹਾ ਗਿਆ ਕਿ 700 ਸਾਲ ਬਾਅਦ ਹਿੰਦੂਆਂ ਦਾ ਰਾਜ ਆਇਆ ਹੈ। ਚਾਹੇ ਆਰ.ਐਸ.ਐਸ. ਆਪਣੇ ਜਨਮ ਤੋਂ ਹੀ ਹਿੰਦੂ ਰਾਸ਼ਟਰ ਬਣਾਉਣ ਦੀਆਂ ਗੱਲਾਂ ਕਰਦਾ ਸੀ ਅਤੇ ਇਸ ਦੀਆਂ ਕੋਸ਼ਿਸ਼ਾਂ ਵਿੱਚੋਂ ਬਾਬਰੀ ਮਸਜਿਦ ਦਾ ਢਾਹੁਣਾ, ਗੋਧਰਾ ਕਾਂਡ ਅਤੇ 2013 ਵਿੱਚ ਮੁਜੱਫਰਨਗਰ ਵਿੱਚ ਫ਼ਿਰਕੂ ਦੰਗੇ ਕਰਾ ਕੇ ਮੁਸਲਿਮ ਪਰਿਵਾਰਾਂ ਦਾ ਉਜਾੜਾ ਇਸੇ ਏਜੰਡੇ ਤਹਿਤ ਹੀ ਵਾਪਰਿਆ।

ਕੇਂਦਰ ਦੀ ਸੱਤਾ ਮਿਲਣ ਮਗਰੋਂ ਸੰਘ ਦੁਆਰਾ ਆਪਣੇ ਏਜੰਡੇ ਨੂੰ ਬੇਧੜਕ ਹੋ ਕੇ ਲਾਗੂ ਕਰਨ ਲਈ ਸਟੇਟ ਦੇ ਸਾਰੇ ਅੰਗਾਂ ਵਿੱਚ ਘੁਸਪੈਠ ਕਰਕੇ ਇਹਨਾਂ ਉੱਪਰ ਕੰਟਰੋਲ ਸਥਾਪਿਤ ਕਰਨ ਦੇ ਯਤਨ ਅਤੇ ਆਪਣੇ ਸੰਗਠਨ ਨੂੰ ਹੋਰ ਮਜ਼ਬੂਤ ਕੀਤਾ ਗਿਆ। ਕਾਰਪੋਰੇਟ ਅਤੇ ਸਾਮਰਾਜੀ ਲੁੱਟ ਨੂੰ ਤੇਜ਼ ਕਰਨ ਦੇ ਸਿੱਟੇ ਵਜੋਂ ਜਿੱਥੇ ਅੱਜ ਦੇਸ਼ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਇਸੇ ਸੰਕਟ ਨੇ ਸੰਘ ਨੂੰ ਆਪਣੇ ਏਜੰਡੇ ਨੂੰ ਫਾਸ਼ੀਵਾਦੀ ਢੰਗ ਨਾਲ ਲਾਗੂ ਕਰਨ ਲਈ ਜ਼ਮੀਨ ਦਿੱਤੀ।

ਫਾਸ਼ੀਵਾਦ ਸ਼ੋਸ਼ਣ ਕਰਨ ਵਾਲੀਆਂ ਜਮਾਤਾਂ ਦੇ ਸਾਸ਼ਨ ਦੇ ਦੋ ਰੂਪਾਂ ਵਿੱਚੋਂ ਇੱਕ ਹੈ। ਜਦੋਂ ਸੋਸ਼ਣ ਕਰਨ ਵਾਲੀ ਜਮਾਤ ਦੁਆਰਾ ਪਹਿਲੇ ਜਮਹੂਰੀਅਤ ਤਰੀਕੇ ਨਾਲ ਲੁੱਟ ਹੋਣੀ ਸੰਭਵ ਨਾ ਹੋਵੇ ਤਾਂ ਡੰਡੇ ਦੇ ਜ਼ੋਰ ਨਾਲ ਰਾਜ ਕਰਨ ਦਾ ਦੂਜਾ ਤਰੀਕਾ ਫਾਸ਼ੀਵਾਦ ਹੈ। ਭਾਰਤ ਵਿਚਲਾ ਫਾਸ਼ੀਵਾਦ ਧਰਮ ਅਧਾਰਿਤ ਫਾਸ਼ੀਵਾਦ ਹੈ। ਇਸਦੇ ਮੌਜੂਦਾ ਹਮਲੇ ਤਹਿਤ ਪਹਿਲਾਂ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਖਤਮ ਕਰਨਾ, ਬਾਬਰੀ ਮਸਜਿਦ ਵਿਵਾਦ ਵਿੱਚ ਹਿੰਦੂ ਮੰਦਰ ਨੂੰ ਜਗ੍ਹਾ ਦੇਣ ਦਾ ਫੈਸਲਾ ਸੁਪਰੀਮ ਕੋਰਟ ਤੋਂ ਕਰਵਾਉਣਾ ਅਤੇ ਹੁਣ ਕੌਮੀ ਨਾਗਰਿਕ ਰਜਿਸਟਰ, ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਜਨਸੰਖਿਆ ਰਜਿਸਟਰ ਦੁਆਰਾ ਘੱਟ ਗਿਣਤੀਆਂ, ਦਲਿਤਾਂ ਅਤੇ ਦੇਸ਼ ਦੀ ਸਮੂਹ ਗਰੀਬ ਜਨਤਾ ਨੂੰ ਭਿਆਨਕ ਤ੍ਰਾਸਦੀ ਵੱਲ ਧੱਕਣ ਦੀ ਤਿਆਰੀ ਹੈ। ਸੰਘ ਦਾ ਫਾਸ਼ੀਵਾਦ ਜੋ ਕਿ ਧਰਮ ਅਧਾਰਿਤ ਸਟੇਟ ਦੀ ਗੱਲ ਕਰਦਾ ਹੈ ਅਤੇ ਇਸ ਸਟੇਟ ਦਾ ਆਦਰਸ਼ ਮਨੂੰ ਸਿਮਰਤੀ ਦਾ ਵਿਧਾਨ ਹੈ। ਜੋ ਦਲਿਤਾਂ ਅਤੇ ਔਰਤਾਂ ਦੀ ਘੋਰ ਵਿਰੋਧੀ ਹੈ। ਇਸ ਕਰਕੇ ਇਸ ਹੱਲੇ ਦਾ ਸਭ ਤੋਂ ਵੱਡਾ ਸ਼ਿਕਾਰ ਸਾਡੇ ਸਮਾਜ ਦੀਆਂ ਔਰਤਾਂ ਹਨ।

ਸੰਘ ਦੇ ਹਿੰਦੂਤਵੀ ਸਟੇਟ ਵਿੱਚ ਔਰਤਾਂ ਦੀ ਕੀ ਜਗ੍ਹਾ ਹੈ, ਇਸ ਬਾਰੇ ਚਰਚਾ ਕਰਨਾ ਅਤਿ ਜ਼ਰੂਰੀ ਹੈ।

ਮਨੂੰ ਸਿਮਰਤੀ ਅਜਿਹੇ ਸਮਾਜਿਕ ਨੇਮ ਤੈਅ ਕਰਦੀ ਹੈ ਜਿਸਦੇ ਅਨੁਸਾਰ ਔਰਤਾਂ ਨੂੰ ਦੂਜੇ ਦਰਜੇ ਦਾ ਮਨੁੱਖ ਸਮਝਿਆ ਜਾਂਦਾ ਹੈ। ਮਨੂੰ ਸਿਮਰਤੀ ਅੰਤਰਜਾਤੀ ਵਿਆਹ ਵਾਲੇ ਮਸਲੇ ਉੱਪਰ ਮਰਦ ਲਈ ਲਚਕੀਲੀ ਅਤੇ ਔਰਤ ਲਈ ਕਠੋਰ ਹੈ। ਬ੍ਰਾਹਮਣ ਮਰਦ ਜੇਕਰ ਦਲਿਤ ਔਰਤ ਨਾਲ ਸਰੀਰਕ ਸਬੰਧ ਬਣਾਉਂਦਾ ਹੈ ਤਾਂ ਇਹ ਮੁਆਫ਼ ਹੋ ਸਕਦਾ ਹੈ ਪਰ ਦਲਿਤ ਔਰਤ ਨਾਲ ਜੇਕਰ ਬ੍ਰਾਹਮਣ ਮਰਦ ਵਿਆਹ ਕਰਾਉਂਦਾ ਹੈ ਤਾਂ

ਉਸ ਮਰਦ ਨੂੰ ਅਤੇ ਬੱਚਿਆਂ ਨੂੰ ਜਾਤ ਤੋਂ ਬਾਹਰ ਕਰ ਦਿੱਤਾ ਜਾਵੇਗਾ। ਉਂਝ ਕਥਿਤ ਉੱਚ ਜਾਤੀਆਂ ਦਾ ਆਪਸ ਵਿੱਚ ਅੰਤਰਜਾਤੀ ਵਿਆਹ ਪ੍ਰਵਾਨ ਹੈ। ਜੇਕਰ ਉੱਚ ਜਾਤੀ ਔਰਤ ਕਿਸੇ ਦਲਿਤ ਮਰਦ ਨਾਲ ਸਧਾਰਨ ਗੱਲਬਾਤ ਵੀ ਕਰਦੀ ਹੈ ਤਾਂ ਇਹ ਵੀ ਬਰਦਾਸ਼ਤ ਯੋਗ ਨਹੀਂ ਹੈ। ਵਿਆਹ ਤਾਂ ਦੂਰ ਦੀ ਗੱਲ ਹੈ। ਇਹੀ ਵਿਧਾਨ ਹੋਰ ਧਰਮਾਂ ਉੱਪਰ ਵੀ ਲਾਗੂ ਹੁੰਦਾ ਹੈ।

ਇਸ ਤੋਂ ਬਿਨਾਂ ਮਨੂੰ ਸਿਮਰਤੀ ਅਨੁਸਾਰ ਜੇਕਰ ਔਰਤ ਬਾਂਝ ਹੈ ਤਾਂ ਉਸਨੂੰ ਅੱਠ ਸਾਲ ਬਾਅਦ, ਜਿਸਦੇ ਬੱਚੇ ਮਰਦੇ ਹੋਣ ਉਸਨੂੰ 10 ਸਾਲ ਬਾਅਦ ਅਤੇ ਜੋ ਸਿਰਫ ਕੁੜੀਆਂ ਪੈਦਾ ਕਰਦੀ ਹੋਵੇ ਉਸਨੂੰ 11ਵੇਂ ਸਾਲ ਛੱਡ ਦੇਣਾ ਚਾਹੀਦਾ ਹੈ। ਜੇਕਰ ਕੋਈ ਔਰਤ ਪੇਕਿਆਂ ਦਾ ਹੰਕਾਰ ਕਰਕੇ ਪਤੀ ਦੀ ਗੱਲ ਨਹੀਂ ਮੰਨਦੀ ਅਤੇ ਝਗੜਾਲੂ ਔਰਤ ਨੂੰ ਬਿਨਾਂ ਦੇਰੀ ਕੀਤੇ ਘਰੋਂ ਬਾਹਰ ਕੱਢ ਦੇਣਾ ਚਾਹੀਦਾ ਹੈ।

ਇਸ ਵਿਧਾਨ ਦੇ ਅਨੁਸਾਰ ਹੀ ਆਰ.ਐਸ.ਐਸ. ਦੁਆਰਾ 'ਲਵ ਜੇਹਾਦ' ਨਾਂ ਦਾ ਅਭਿਆਨ ਚਲਾਇਆ ਗਿਆ ਸੀ ਜੋ ਅੰਤਰ-ਧਰਮ ਵਿਆਹ ਦੀ ਖਿਲਾਫ਼ਤ ਕਰਦਾ ਸੀ ਖਾਸ ਕਰਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦਾ ਹੈ। 1998 ਵਿੱਚ ਇਹ ਸ਼ਬਦ 'ਲਵ-ਜੇਹਾਦ' ਪਹਿਲੀ ਵਾਰ ਸੁਣਿਆ ਗਿਆ ਸੀ। ਸੰਘ ਨੇ 1998 ਵਿੱਚ ਗੁਜਰਾਤ ਦੇ ਬਾਰਦੌਲੀ ਜ਼ਿਲ੍ਹੇ ਵਿੱਚ ਲੰਮੇ ਪ੍ਰੇਮ ਸਬੰਧਾਂ ਤੋਂ ਬਾਅਦ ਮੁਸਲਮਾਨ ਲੜਕੇ ਦੁਆਰਾ ਹਿੰਦੂ ਲੜਕੀ ਨਾਲ ਵਿਆਹ ਨੂੰ ਫਿਰਕੂ ਰੰਗਤ ਦੇ ਕੇ ਮੁਸਲਮਾਨਾਂ ਦੇ ਖਿਲਾਫ਼ ਫਿਰਕੂ ਮੁਹਿੰਮ ਨੂੰ ਸ਼ੁਰੂ ਕਰਨ ਲਈ ਵਰਤੋਂ ਕੀਤੀ। ਜਦੋਂਕਿ ਉਸ ਸਮੇਂ ਦੀਆਂ ਖ਼ਬਰਾਂ ਤੋਂ ਇਹ ਜਾਣਕਾਰੀ ਵੀ ਮਿਲੀ ਕਿ 6 ਹਿੰਦੂ ਲੜਕਿਆਂ ਨੇ ਮੁਸਲਿਮ ਲੜਕੀਆਂ ਨਾਲ ਵਿਆਹ ਵੀ ਕਰਵਾਏ ਸਨ। ਇਸਦੇ ਪ੍ਰਚਾਰ ਵਿੱਚ ਇਹ ਲਿਆਂਦਾ ਗਿਆ ਕਿ ਆਈ.ਐਸ.ਆਈ. ਅਤੇ ਪਾਕਿਸਤਾਨ ਦੇ ਇਸ਼ਾਰੇ ਉੱਪਰ ਮੁਸਲਮਾਨਾਂ ਦੁਆਰਾ ਪਿਆਰ ਦੇ ਨਾਂ 'ਤੇ ਜੇਹਾਦ ਸ਼ੁਰੂ ਕੀਤਾ ਹੈ, ਜਿਸ 'ਚੋਂ ਭੋਲੀਆਂ-ਭਾਲੀਆਂ ਹਿੰਦੂ ਲੜਕੀਆਂ ਨੂੰ ਵਰਗਲਾ ਕੇ ਮੁਸਲਮਾਨ ਬਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਦੇ ਯਤਨ 2009 ਵਿੱਚ ਕੇਰਲ ਅਤੇ ਕਰਨਾਟਕ ਵਿੱਚ ਵੀ ਕੀਤੇ ਗਏ। 2014 ਵਿੱਚ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਯਾਨਾਥ ਯੋਗੀ ਨੇ ਕਿਹਾ ਕਿ 2006 ਤੋਂ 2014 ਤੱਕ 2667 ਔਰਤਾਂ ਨੇ ਇਸਲਾਮ ਧਰਮ ਅਪਣਾਇਆ ਅਤੇ ਇਹ ਸੱਦਾ ਦਿੱਤਾ ਕਿ ਜੇ ਇੱਕ ਹਿੰਦੂ ਲੜਕੀ ਮੁਸਲਿਮ ਨਾਲ ਵਿਆਹ ਕਰਦੀ ਹੈ ਤਾਂ 100 ਮੁਸਲਿਮ ਲੜਕੀਆਂ ਨੂੰ ਹਿੰਦੂ ਧਰਮ ਵਿੱਚ ਲਿਆਂਦਾ ਜਾਵੇ। ਇਸ ਤੋਂ ਬਿਨਾਂ 'ਬਹੂ ਬੇਟੀ ਇੱਜਤ ਬਚਾਓ' ਦੇ ਅਭਿਆਨ ਤਹਿਤ 2013 ਵਿੱਚ ਮੁਜੱਫਰਨਗਰ ਵਿੱਚ ਹਿੰਦੂ ਮੁਸਲਿਮ ਦੰਗੇ ਕਰਾ ਕੇ ਮੁਸਲਿਮ ਅਬਾਦੀ ਨੂੰ ਉਥੋਂ ਉਜਾੜਿਆ ਗਿਆ।

ਔਰਤਾਂ ਵਿੱਚ ਪੜ੍ਹਨ-ਲਿਖਣ ਅਤੇ ਬਾਹਰ ਨੌਕਰੀ ਕਰਨ ਦੇ ਮੌਕੇ ਵਧੇ ਹਨ, ਜਿਸ ਕਰਕੇ ਉਹ ਆਪਣੇ ਰੁਜ਼ਗਾਰ, ਕੈਰੀਅਰ ਅਤੇ ਜੀਵਨ ਸਾਥੀ ਦੀ ਚੋਣ ਵੀ ਖੁਦ ਹੀ ਕਰਨਾ ਚਾਹੁੰਦੀਆਂ ਹਨ। ਮੋਬਾਇਲ ਅਤੇ ਇੰਟਰਨੈੱਟ ਕਰਕੇ ਆਪਸੀ ਸੰਚਾਰ 'ਚ ਵਾਧਾ ਹੋਇਆ ਹੈ। ਮੈਟਰੋ ਸ਼ਹਿਰਾਂ ਵਿੱਚ ਸੰਚਾਰ ਦੇ ਇਹਨਾਂ ਸਾਧਨਾਂ ਦੇ ਫੈਲਾਓ ਅਤੇ ਉਪਲਭਧਤਾ ਨੇ ਅਜਿਹੇ ਸਬੰਧ ਬਣਾਉਣ ਨੂੰ ਤੇਜ਼ੀ ਦਿੱਤੀ ਹੈ। ਜਿਸ ਕਰਕੇ ਨਵੀਂ ਪੀੜ੍ਹੀ ਦੀਆਂ ਲੜਕੀਆਂ ਪਿੱਤਰੀਸੱਤਾਤਮਕ ਮਾਨਤਾਵਾਂ ਜਿਸ 'ਚ ਧਰਮ ਅਤੇ ਜਾਤ ਨੂੰ ਤੋੜਕੇ ਅਜਿਹੇ ਸਬੰਧ ਸਥਾਪਿਤ ਕਰ ਰਹੀਆਂ ਹਨ।

ਸੰਘ ਅਨੁਸਾਰ ਅੰਤਰ-ਧਰਮ ਵਿਆਹ ਅਤੇ ਅੰਤਰਜਾਤੀ ਵਿਆਹ ਹਿੰਦੂ ਧਰਮ ਅਤੇ ਉਚ-ਜਾਤੀ ਦੀ ਸ਼ੁੱਧਤਾ ਨੂੰ ਖਤਮ ਕਰਦਾ ਹੈ ਜਿਸ ਕਰਕੇ ਉਹ ਔਰਤ ਨੂੰ ਸਿਰਫ ਘਰਾਂ ਤੱਕ ਮਹਿਦੂਦ ਕਰਨਾ ਚਾਹੁੰਦੇ ਹਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਜਿਹਾ ਜਰਮਨੀ ਵਿੱਚ ਨਾਜੀ ਵੀ 'ਆਰੀਆ' ਔਰਤਾਂ ਨੂੰ 'ਯਹੂਦੀ' ਜਾਂ ਹੋਰ ਕਿਸੇ ਨਾਲ ਸਬੰਧ ਸਥਾਪਿਤ ਕਰਨ ਦੇ ਘੋਰ ਵਿਰੋਧੀ ਸੀ ਕਿਉਂਕਿ ਇਸ ਦੁਆਰਾ ਉਹ ਆਰੀਆ ਨਸਲ ਦੀ ਸ਼ੁੱਧਤਾ ਨੂੰ ਕਾਇਮ ਰੱਖਣਾ ਚਾਹੁੰਦੇ ਸਨ। ਇਸ ਲਈ ਚਾਹੇ ਫਾਸ਼ੀਵਾਦ ਦਾ ਅਧਾਰ 'ਧਰਮ' ਹੋਵੇ ਜਾਂ ਫਿਰ 'ਨਸਲ' ਔਰਤ ਦਾ ਘੋਰ ਵਿਰੋਧੀ ਹੈ ਅਤੇ ਔਰਤ ਨੂੰ ਸਿਰਫ ਨਸਲ ਜਾਂ ਧਰਮ ਲਈ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੱਕ ਸੀਮਿਤ ਕਰ ਦਿੰਦਾ ਹੈ। ਜਿਸ ਕਰਕੇ ਫਾਸ਼ੀਵਾਦ ਨੂੰ ਹਰਾਉਣ ਲਈ ਔਰਤਾਂ ਦਾ ਮੂਹਰਲੀ ਕਤਾਰ 'ਚ ਹੋ ਕੇ ਲੜਨਾ ਅਤਿ ਜ਼ਰੂਰੀ ਹੈ।

ਮਨੂੰ ਸਿਮਰਤੀ ਅਨੁਸਾਰ ਔਰਤਾਂ ਦਾ ਸੁਭਾਅ ਹੀ ਆਕਰਸ਼ਨ ਰਾਹੀਂ ਮਰਦਾਂ ਨੂੰ ਆਪਣੇ ਜਾਲ ਵਿੱਚ ਫਸਾਉਣਾ ਹੈ। ਇਸ ਕਰਕੇ ਜੇਕਰ ਬ੍ਰਾਹਮਣ ਭਜਨ ਕਰਦਾ ਹੈ ਤਾਂ ਉਸਨੂੰ ਆਪਣੀ ਪਤਨੀ ਵੱਲ ਵੀ ਨਹੀਂ ਦੇਖਣਾ ਚਾਹੀਦਾ। ਔਰਤ ਨੂੰ ਅਸ਼ੁੱਧ ਵਿਸ਼ਵਾਸ਼ਘਾਤੀ ਅਤੇ ਬੁੱਧੀਹੀਣ ਕਿਹਾ ਗਿਆ ਹੈ। ਬੀਤੇ ਵਿੱਚ ਸਬਰੀਮਾਲਾ ਮੰਦਰ ਵਿੱਚ 10 ਤੋਂ 50 ਸਾਲ ਦੇ ਵਿੱਚ ਦੀਆਂ ਔਰਤਾਂ ਦੇ ਦਾਖਲੇ ਉੱਪਰ ਰੋਕ ਦੇ ਮਸਲੇ ਨੂੰ ਲੈ ਕੇ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਦੁਆਰਾ 4-1 ਦੇ ਬਹੁਮਤ ਦੁਆਰਾ ਲਿੰਗਕ ਸਮਾਨਤਾ ਦੇ ਅਧਾਰ 'ਤੇ 10 ਤੋਂ 50 ਸਾਲ ਦੀ ਉਮਰ ਦੇ ਵਿਚਕਾਰ ਦੀਆਂ ਔਰਤਾਂ ਦੇ ਮੰਦਰ ਵਿੱਚ ਦਾਖਲੇ ਨੂੰ ਮਨਜ਼ੂਰੀ ਦਿੰਦੇ ਹੋਏ ਮੰਦਰ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ। ਭਾਜਪਾ ਇਸ ਫੈਸਲੇ ਦੇ ਵਿਰੋਧ ਵਿੱਚ ਉਤਰ ਆਈ। ਭਾਜਪਾ ਦੁਆਰਾ ਪਿੱਤਰਸੱਤਾਤਮਕ ਅਤੇ ਫਿਰਕੂ ਭਾਵਨਾਵਾਂ ਭੜਕਾ ਕੇ ਮੰਦਰ ਵਿੱਚ ਦਾਖਲ ਹੋਣ ਵਾਲੀਆਂ ਔਰਤਾਂ ਉੱਪਰ ਭੀੜਾਂ ਦੁਆਰਾ ਹਮਲੇ ਕਰਵਾਏ। ਜੇਕਰ ਕੋਈ ਔਰਤ ਇਸ ਨੂੰ ਪਾਰ ਕਰਕੇ ਦਾਖਲ ਵੀ ਹੋਈ ਤਾਂ ਮੰਦਰ ਦੇ ਪੁਜਾਰੀਆਂ ਦੁਆਰਾ

ਮੰਦਰ ਦਾ ਸ਼ੁੱਧੀਕਰਨ ਕੀਤਾ ਗਿਆ। ਜਿਸ ਦੇਸ਼ ਵਿੱਚ 'ਮਾਂ' ਦੀ ਪੂਜਾ ਹੁੰਦੀ ਹੈ ਇੱਥੋਂ ਤੱਕ ਕਿ ਮਨੂੰਵਾਦੀ ਵੀ ਔਰਤ ਨੂੰ ਜਣਨੀ ਦੇ ਰੂਪ 'ਚ ਪੂਜਣ ਦਾ ਦਾਅਵਾ ਕਰਦੇ ਹਨ। ਹੁਣ ਜੇਕਰ ਮਾਂ ਹੈ ਤਾਂ ਜ਼ਾਹਿਰ ਹੈ ਫਿਰ 'ਮਾਹਵਾਰੀ' ਜਾਂ 'ਮਹੀਨਾ ਆਉਣਾ' ਵੀ ਲਾਜ਼ਮੀ ਹੈ। ਅਮਿਤ ਸ਼ਾਹ ਦੁਆਰਾ ਇਸ ਫੈਸਲੇ ਉੱਪਰ ਪ੍ਰਤੀਕਰਮ ਕਰਦਿਆਂ ਕਿਹਾ ਕਿ "ਸੁਪਰੀਮ ਕੋਰਟ ਨੂੰ ਅਜਿਹੇ ਫੈਸਲੇ ਕਰਨੇ ਚਾਹੀਦੇ ਹਨ ਜਿਹਨਾਂ ਦਾ ਪਾਲਣ ਹੋ ਸਕੇ"। ਸੰਘ ਦੀ ਫਾਸ਼ੀਵਾਦੀ ਜਿਹਨੀਅਤ 'ਚ ਕਿੰਨਾ ਜ਼ਹਿਰ ਘੁਲਿਆ ਹੈ ਇਸਦੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਦੇਸ਼ ਦਾ ਗ੍ਰਹਿ-ਮੰਤਰੀ ਦੇਸ਼ ਦੀ ਨਿਆਂ-ਪ੍ਰਣਾਲੀ ਨੂੰ ਧਮਕਾਊ-ਪੂਰਨ ਰੂਪ 'ਚ ਹੁਕਮ ਸੁਣਾ ਰਿਹਾ ਹੈ।

ਸੰਘ ਦੇ ਮੁਖੀ ਮੋਹਨ ਭਾਗਵਤ ਦੁਆਰਾ ਇਹ ਕਹਿਣਾ ਕਿ ਜੋ ਔਰਤਾਂ ਘਰੇਲੂ ਜਿੰਮੇਵਾਰੀ ਨਹੀਂ ਨਿਭਾਉਂਦੀਆਂ, ਉਹਨਾਂ ਨੂੰ ਤੁਰੰਤ ਘਰੋਂ ਬਾਹਰ ਕੱਢ ਦਿੱਤਾ ਜਾਵੇ। ਇਸੇ ਤਰ੍ਹਾਂ 'ਦੁਰਗਾ ਵਾਹਣੀਆਂ' ਬਣਾ ਕੇ ਲੜਕੀਆਂ ਨੂੰ ਪਿਛਾਖੜੀ ਪ੍ਰੰਪਰਾ ਨਾਲ ਜੋੜਨ ਦੇ ਪ੍ਰੋਗਰਾਮ ਮਨੂੰ ਸਿਮਰਤੀ ਦੇ ਵਿਧਾਨ ਦਾ ਹੀ ਹਿੱਸਾ ਹਨ।

ਇਸ ਲਈ ਸੰਘ ਦੀ ਫਾਸ਼ੀਵਾਦੀ ਸਟੇਟ ਅੰਦਰ ਔਰਤਾਂ ਦੀ ਅਜਿਹੀ ਹਾਲਤ ਹੋਣੀ ਹੈ ਇਸਨੂੰ ਸਥਾਪਤ ਕਰਨ ਲਈ ਸੰਘ ਦਾ ਇਹ ਹਮਲਾ ਹੈ।

ਇੱਥੋਂ ਤੱਕ ਕਿ ਕੌਮੀ ਨਾਗਰਿਕ ਰਜਿਸਟਰ ਦੀ ਤ੍ਰਾਸਦੀ ਦੀਆਂ ਸ਼ਿਕਾਰ ਔਰਤਾਂ ਨੇ ਵੱਡੀ ਪੱਧਰ 'ਤੇ ਬਣਨਾ ਹੈ। ਜਾਇਦਾਦ ਦੀਆਂ ਰਜਿਸਟਰੀਆਂ, ਜਨਮ ਪੱਤਰੀ ਅਤੇ ਚੋਣ-ਲਿਸਟਾਂ ਜੇਕਰ ਨਾਗਰਿਕਤਾ ਸਾਬਤ ਕਰਨ ਦਾ ਅਧਾਰ ਬਣਨਾ ਹੈ ਤਾਂ ਇਸ ਪ੍ਰਕਿਰਿਆ ਵਿੱਚ ਔਰਤਾਂ ਸਭ ਤੋਂ ਪਹਿਲਾਂ ਆਪਣੀ ਨਾਗਰਿਕਤਾ ਸਾਬਤ ਕਰਨ ਤੋਂ ਅਸਮਰੱਥ ਹੋਣਗੀਆਂ। ਭਾਰਤ ਵਰਗੇ ਅਰਧ-ਜਗੀਰੂ ਅਤੇ ਅਰਧ-ਬਸਤੀ ਮੁਲਕ ਵਿੱਚ ਪੇਕਿਆਂ ਦੀ ਜਾਇਦਾਦ ਉੱਪਰ ਬਰਾਬਰ ਦੇ ਹੱਕ ਦੇ ਕਾਨੂੰਨ ਦੇ ਬਾਵਜੂਦ ਅੱਜ ਔਰਤਾਂ ਜਾਇਦਾਦ ਤੋਂ ਸੱਖਣੀਆਂ ਹਨ। ਇਸ ਲਈ ਜਾਇਦਾਦ ਹੀ ਨਹੀਂ ਤਾਂ ਰਜਿਸਟਰੀਆਂ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੂਜਾ ਔਰਤਾਂ ਵਿੱਚ ਅਨਪੜ੍ਹਤਾ ਦੀ ਦਰ ਅੱਜ ਵੀ ਬਹੁਤ ਉੱਚੀ ਹੈ। 2011 ਦੇ ਅੰਕੜਿਆਂ ਮੁਤਾਬਿਕ ਔਰਤਾਂ ਦੀ ਸਾਖ਼ਰਤਾ ਦਰ 64.6% ਹੈ। ਜੇਕਰ ਅਸਾਮ ਦੀ ਤਰਜ 'ਤੇ ਦੇਖੀਏ ਤਾਂ 1971 ਤੋਂ ਪਹਿਲਾਂ ਦੇ ਅਜਿਹੇ ਕਾਗਜ਼ ਦਿਖਾਉਣ ਦੇ ਮਾਮਲੇ 'ਚ ਔਰਤਾਂ ਸਭ ਤੋਂ ਪਹਿਲਾਂ ਬਾਹਰ ਹੋਣਗੀਆਂ ਕਿਉਂਕਿ 1971 ਦੀ ਜਨਗਣਨਾ ਅਨੁਸਾਰ ਔਰਤਾਂ ਦੀ ਸਾਖ਼ਰਤਾ ਦਰ 21.97% ਹੈ। ਇਸ ਦੀ ਕਿਆਸ ਲਗਾਈ ਜਾ ਸਕਦੀ ਹੈ ਕਿ ਜੋ ਕਾਗਜ਼ ਮੰਗੇ ਜਾਣਗੇ, ਕਿੰਨੀਆਂ ਕੁ ਔਰਤਾਂ ਕੋਲ ਹੋਣਗੇ? ਇਸਤੋਂ ਬਿਨਾਂ ਹਿੰਦੂ ਧਰਮ ਵਿੱਚ ਵਿਆਹ ਤੋਂ ਬਾਅਦ ਸਹੁਰੇ ਘਰ 'ਚ ਔਰਤ ਦਾ ਨਾਂ ਬਦਲ ਦਿੱਤਾ ਜਾਂਦਾ ਹੈ। ਆਮ ਤੌਰ 'ਤੇ ਇਸਦੇ ਸਬੰਧ 'ਚ ਹਿੰਦੂ ਧਰਮ ਦੀ ਧਾਰਨਾ ਅਨੁਸਾਰ "ਵਿਆਹ ਤੋਂ ਬਾਅਦ ਲੜਕੀ ਦਾ ਨਵਾਂ ਜਨਮ ਹੁੰਦਾ ਹੈ ਜਿਸ ਕਰਕੇ ਉਸਦਾ ਨਵਾਂ ਨਾਮਕਰਨ ਕੀਤਾ ਜਾਂਦਾ ਹੈ।" ਨਾਮ ਵਿੱਚ ਗਲਤੀ ਤੋਂ ਲੈ ਕੇ ਨਾਮ ਬਦਲੀ ਕਾਰਨ ਔਰਤਾਂ ਲਈ ਆਪਣੀ ਨਾਗਰਿਕਤਾ ਨੂੰ ਸਾਬਤ ਕਰਨਾ ਮੁਸ਼ਕਲ ਹੈ।

ਪਿੱਛੇ ਜਿਹੇ ਕੁਝ ਅਖ਼ਬਾਰਾਂ ਤੇ ਰਸਾਲਿਆਂ 'ਚ ਛਪੇ ਸੰਘ ਦੇ ਇੱਕ ਗੁਪਤ ਦਸਤਾਵੇਜ ਵਿੱਚ ਮੁਸਲਿਮ ਅਤੇ ਦਲਿਤ ਔਰਤਾਂ ਦੇ ਬਲਾਤਕਾਰ ਕਰਕੇ ਕੋਠਿਆਂ 'ਤੇ ਬਿਠਾਉਣ ਦੀ ਹਦਾਇਤ ਸੰਘ ਦੇ ਔਰਤ ਵਿਰੋਧੀ ਕਿਰਦਾਰ ਨੂੰ ਬਾਖੂਬੀ ਨੰਗਿਆਂ ਕਰਦੀ ਹੈ।

ਉਪਰੋਕਤ ਚਰਚਾ ਤੋਂ ਇੱਕ ਗੱਲ ਤਾਂ ਸਾਫ਼ ਹੈ ਕਿ ਸੰਘ ਦਾ ਫਾਸ਼ੀਵਾਦ ਸਟੇਟ ਘੋਰ ਔਰਤ ਵਿਰੋਧੀ ਸਟੇਟ ਹੈ। ਇਸ ਲਈ ਇਸ ਨੂੰ ਹਰ ਕੀਮਤ 'ਤੇ ਹਰਾਉਣਾ ਔਰਤ ਵਰਗ ਲਈ ਓਨਾ ਹੀ ਜਰੂਰੀ ਹੈ ਜਿੰਨਾ ਜਿਉਂਦੇ ਰਹਿਣ ਲਈ ਹਵਾ-ਪਾਣੀ ਅਤੇ ਭੋਜਨ। ਭਾਵੇਂ ਹਾਲੇ ਵੀ ਔਰਤਾਂ ਦਾ ਵੱਡਾ ਹਿੱਸਾ ਇਸ ਵਰਤਾਰੇ ਬਾਰੇ ਪੂਰੀ ਤਰ੍ਹਾਂ ਚੇਤੰਨ ਨਹੀਂ ਹੈ ਪਰ ਫਿਰ ਵੀ ਫਾਸ਼ੀਵਾਦ ਵਿਰੁੱਧ ਲੜਾਈ 'ਚ ਪ੍ਰਤੀਰੋਧ ਦੇ ਕੇਂਦਰ ਵਜੋਂ ਉੱਭਰੇ ਸ਼ਹੀਨ ਬਾਗ਼ ਨੂੰ ਉਸਾਰਨ 'ਚ ਔਰਤਾਂ ਵੱਲੋਂ ਨਿਭਾਈ ਭੂਮਿਕਾ ਇੱਕ ਉਤਸ਼ਾਹਜਨਕ ਪਹਿਲੂ ਹੈ। ਇਸ ਦੇ ਅਧਾਰ ਵਿੱਚ ਪੜ੍ਹੀਆਂ-ਲਿਖੀਆਂ ਵਿਦਿਆਰਥਣਾਂ ਤੇ ਕੰਮਕਾਜੀ ਮੁਟਿਆਰਾਂ 'ਚ ਆਈ ਚੇਤਨਾ ਤੇ ਉਨ੍ਹਾਂ ਵੱਲੋਂ ਸੰਘ ਦੇ ਇਰਾਦਿਆਂ ਨੂੰ ਸਮਝਣ ਦੀ ਸੋਝੀ ਅਤੇ ਫਾਸ਼ੀ ਜਬਰ ਦੇ ਸਾਹਮਣੇ ਡਟ ਜਾਣ ਦੇ ਵਰਤਾਰੇ ਨੇ ਇੱਕ ਵੱਡੀ ਭੂਮਿਕਾ ਅਦਾ ਕੀਤੀ ਹੈ। ਸਮਾਜ ਦੇ ਅੱਧ ਦਾ ਇਸ ਤਰ੍ਹਾਂ ਪੂਰੀ ਜ਼ਿੰਮੇਵਾਰੀ ਨਾਲ ਮੋਹਰੀ ਸਫ਼ਾਂ 'ਚ ਉੱਤਰਨਾ, ਔਰਤਾਂ ਨੂੰ ਘੱਟ ਕਰਕੇ ਸਮਝਣ ਵਾਲੀ ਪਿੱਤਰੀ ਸੋਚ ਦੇ ਤੰਬੂ ਉਖਾੜਦਾ ਹੈ। ਭਵਿੱਖ 'ਚ ਇੱਕ ਨਵੇਂ ਤੇ ਜਮਹੂਰੀ ਸਮਾਜ ਦੀ ਸਿਰਜਣਾ ਲਈ ਲੜੇ ਜਾਣ ਵਾਲੇ ਸੰਗਰਾਮ ਲਈ ਇਹ ਇੱਕ ਸ਼ੁਭ ਕਦਮ ਹੈ।

## ਸ਼ੋਕ ਸਮਾਚਾਰ

ਕਿਰਤੀ ਕਿਸਾਨ ਯੂਨੀਅਨ ਦੇ ਸਾਬਕਾ ਜ਼ਿਲ੍ਹਾ ਕਮੇਟੀ ਮੈਂਬਰ ਤੇ ਜੱਥੇਬੰਦੀ ਦੇ ਸੁਹਿਰਦ ਵਰਕਰ ਅੰਗਰੇਜ਼ ਸਿੰਘ ਕਾਮਲਪੁਰਾ ਜ਼ਿਲ੍ਹਾ ਅੰਮ੍ਰਿਤਸਰ ਦੇ ਪਿਤਾ ਜੀ ਸ. ਅਮਰੀਕ ਸਿੰਘ ਸਦੀਵੀ ਵਿਛੋੜਾ ਦੇ ਗਏ। ਅੰਗਰੇਜ਼ ਸਿੰਘ ਵੱਲੋਂ ਇਸ ਸਮੇਂ ਜਨਤਕ ਕਾਰਜਾਂ ਵਾਸਤੇ ਉਨ੍ਹਾਂ ਦੀ ਯਾਦ ਵਿੱਚ 5000 ਰੁਪਏ ਦਿੱਤੇ ਗਏ। ਅਦਾਰਾ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੋਇਆ ਸਹਾਇਤਾ ਲਈ ਧੰਨਵਾਦੀ ਹੈ।

# ਪੰਜਾਬ ਸਰਕਾਰ ਵੱਲੋਂ ਨਵੇਂ ਵਰ੍ਹੇ 'ਬਿਜਲੀ ਕਰੰਟ' ਦਾ ਤੋਹਫਾ

ਪੰਜਾਬ ਸਰਕਾਰ ਨੇ ਨਵੇਂ ਵਰ੍ਹੇ 'ਤੇ ਆਪਣੀ ਪਿਆਰੀ ਜਨਤਾ ਨੂੰ ਤੋਹਫਾ ਬਿਜਲੀ ਦਰਾਂ 'ਚ ਵਾਧਾ ਕਰਕੇ ਦਿੱਤਾ ਹੈ। ਇਹ ਤੋਹਫਾ 1490 ਕਰੋੜ ਦਾ ਹੈ। ਇਹ ਨਵੇਂ ਵਰ੍ਹੇ ਦੀ ਪਹਿਲੀ ਤਾਰੀਖ ਤੋਂ ਲਾਗੂ ਹੋਇਆ ਹੈ। ਸਰਕਾਰ ਵੱਲੋਂ ਪ੍ਰਤੀ ਯੂਨਿਟ 0.36 ਰੁਪਏ ਪਾਵਰ ਟੈਰਿਫ਼ ਲਗਾਇਆ ਹੈ। ਜਿਸ ਨਾਲ ਘਰੇਲੂ ਖਪਤਕਾਰ ਨੂੰ 0.36/Kwh, ਇੰਡਸਟਰੀਅਲ ਖ਼ਪਤਕਾਰ ਨੂੰ 0.35/Kvah ਵਾਧੂ ਦੇਣੇ ਪੈਣਗੇ। ਹੁਣ ਬਿੱਲ ਘਰੇਲੂ ਖ਼ਪਤਕਾਰ ਲਈ 8.37 ਰੁਪਏ ਪ੍ਰਤੀ ਯੂਨਿਟ ਅਤੇ ਇੰਡਸਟਰੀਅਲ ਖ਼ਪਤਕਾਰ ਲਈ 7.05-7.85 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਹੋ ਗਿਆ ਹੈ। ਇਸ ਵਿੱਚ ਗਊ ਸੈੱਸ ਵੱਖਰਾ ਹੈ। (ਦਾ ਟ੍ਰਿਬਿਊਨ, 23 ਜਨਵਰੀ)। ਇਸ ਤੋਂ ਪਹਿਲਾਂ ਬੀਤੇ ਵਰ੍ਹੇ ਮਈ ਮਹੀਨੇ ਵੀ ਸਰਕਾਰ ਨੇ ਲੋਕਾਂ ਨੂੰ ਬਿਜਲੀ ਦਾ ਝਟਕਾ ਦਿੱਤਾ ਸੀ। ਪਾਵਰ ਟੈਰਿਫ ਵਿੱਚ 2.14 ਪ੍ਰਤੀਸ਼ਤ ਦਾ ਵਾਧਾ ਕੀਤਾ ਸੀ। ਲੋਕਾਂ ਦੇ ਮੱਥੇ 'ਤੇ ਤਿਓੜੀਆਂ ਪਈਆਂ ਹੋਈਆਂ ਹਨ। ਮੱਧਵਰਗ ਘੁਸਰ-ਮੁਸਰ ਕਰ ਰਿਹਾ ਹੈ। ਕਿਸਾਨੀ ਜ਼ਹਿਰ ਦਾ ਕੌੜਾ ਘੁੱਟ ਪੀ ਰਹੀ ਹੈ ਤੇ ਬੋਲਣੋ ਡਰਦੀ ਹੈ ਕਿ ਜੇਕਰ ਰੌਲਾ ਪਾਇਆ ਤਾਂ ਖੇਤੀ ਮੋਟਰਾਂ ਦੇ ਸਰਕਾਰ ਬਿੱਲ ਨਾ ਲਾ ਦੇਵੇ। ਮਜ਼ਦੂਰ ਹੱਥ ਘੁੱਟ ਰਿਹਾ ਹੈ ਕਿ ਕਿਤੇ 200 ਯੂਨਿਟ ਤੋਂ ਉੱਪਰ ਮੀਟਰ ਟੱਪ ਨਾ ਜਾਵੇ। ਦੂਸਰੇ ਪਾਸੇ ਪਾਰਟੀਆਂ ਵੀ ਮਿਹਣੋ-ਮਿਹਣੀ ਹੋ ਰਹੀਆਂ ਹਨ। ਕੈਪਟਨ ਕਹਿੰਦਾ ਕਿ ਸੁਖਬੀਰ ਨੇ ਆਪਣੇ ਸਮੇਂ ਕੰਪਨੀਆਂ ਨਾਲ ਗਲਤ ਸਮਝੌਤੇ ਕੀਤੇ, ਲੋਕ ਹੁਣ ਉਹਨਾਂ ਦਾ ਖਮਿਆਜਾ ਭੁਗਤ ਰਹੇ ਹਨ। ਅਸੀਂ ਵਾਈਟ ਪੇਪਰ ਲੈ ਕੇ ਆਵਾਂਗੇ ਤੇ ਸੁਖਬੀਰ ਦੇ ਕਾਲੇ ਚਿੱਠੇ ਬਾਹਰ ਕੱਢਾਂਗੇ। ਦੂਸਰੇ ਪਾਸੇ ਸੁਖਬੀਰ ਕਹਿੰਦਾ ਹੈ ਕਿ ਸਰਕਾਰ ਨੇ ਕੰਪਨੀਆਂ ਤੋਂ ਪੈਸੇ ਲੈ ਲਏ ਹਨ। ਕੰਪਨੀਆਂ ਨਾਲ ਚਲਦੇ ਕੇਸ ਸਰਕਾਰ ਹਾਰ ਗਈ ਹੈ। ਉਸਨੇ ਕੋਰਟ ਵਿੱਚ ਚੰਗੀ ਤਰ੍ਹਾਂ ਪੈਰਵੀ ਨਹੀਂ ਕੀਤੀ। ਇਹ ਸਮਝੌਤੇ ਮਨਮੋਹਨ ਸਿੰਘ ਦੀ ਨੀਤੀ ਮੁਤਾਬਕ ਹੋਏ ਹਨ। ਆਮ ਆਦਮੀ ਪਾਰਟੀ ਨੇ ਚੰਡੀਗੜ੍ਹ ਮੁਜਾਹਰਾ ਕੀਤਾ, ਜਿੱਥੇ ਆਮ ਲੋਕਾਂ ਨੂੰ ਤਾਂ ਜਾਣ ਹੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਵਿਧਾਨ ਸਭਾ ਵਿੱਚ ਰੌਲਾ ਪਾਇਆ। ਭਗਵੰਤ ਮਾਨ ਕਹਿੰਦਾ "ਦਿੱਲੀ ਵਿੱਚ ਕੇਜਰੀਵਾਲ ਸਸਤੀ ਬਿਜਲੀ ਦੇ ਰਿਹਾ, ਇੱਥੇ ਬਿਜਲੀ ਮਹਿੰਗੀ ਮਿਲਦੀ ਹੈ। ਸੁਖਬੀਰ ਤੇ ਕੈਪਟਨ ਰਲੇ ਹੋਏ ਹਨ। ਇਹਨਾਂ ਦੋਹਾਂ ਨੇ ਕੰਪਨੀਆਂ ਤੋਂ ਪੈਸੇ ਖਾਧੇ ਹਨ। ਸਾਨੂੰ ਸੱਤਾ ਵਿੱਚ ਲਿਆਓ, ਅਸੀਂ ਬਿਜਲੀ ਸਸਤੀ ਦੇਵਾਂਗੇ। ਇਹ ਸਮਝੌਤੇ ਰੱਦ ਹੋਣੇ ਚਾਹੀਦੇ ਹਨ।" ਸਵਾਲ ਇਹ ਹੈ ਕਿ ਜਦ ਹੋਰ ਕਈ ਰਾਜਾਂ ਵਿੱਚ ਬਿਜਲੀ ਸਸਤੀ ਮਿਲ ਰਹੀ ਹੈ ਤਾਂ ਪੰਜਾਬ ਵਿੱਚ ਇਹ ਮਹਿੰਗੀ ਕਿਉਂ? ਉਹ ਕਿਹੜੇ ਸਮਝੌਤੇ ਹਨ ਜਿਹੜੇ ਬਾਦਲ ਨੇ ਕੀਤੇ ਤੇ ਕੈਪਟਨ ਰੱਦ ਨਹੀਂ ਕਰ ਰਿਹਾ? ਕੀ ਇਹ ਸਮਝੌਤੇ ਰੱਦ ਹੋ ਸਕਦੇ ਹਨ? ਅਸਲ ਸਮੱਸਿਆ ਕੀ ਹੈ? ਕੀ ਪਾਰਟੀਆਂ ਇਹ ਸਮਝੌਤੇ ਰੱਦ ਕਰਨ ਦੀ ਸਮਰੱਥਾ ਰੱਖਦੀਆਂ ਹਨ?

**ਅਸਲ ਸਮੱਸਿਆ ਕੀ ਹੈ ?**

ਪੰਜਾਬ ਵਿੱਚ ਪਹਿਲਾਂ ਬਿਜਲੀ ਦੀ ਕਮੀ ਸੀ। ਸਰਕਾਰ ਨੇ ਇਸ ਕਮੀ ਦੀ ਪੂਰਤੀ ਲਈ ਨਿੱਜੀਕਰਨ ਦੀ ਨੀਤੀ 'ਤੇ ਚੱਲਦਿਆਂ ਤਿੰਨ ਪ੍ਰਾਈਵੇਟ ਥਰਮਲ ਪਲਾਂਟ ਲਗਾਏ। ਪਹਿਲਾ ਤਲਵੰਡੀ ਸਾਬੋ 1980 ਮੈਗਾਵਾਟ ਦਾ, ਦੂਸਰਾ ਰਾਜਪੁਰੇ 1400 ਮੈਗਾਵਾਟ ਅਤੇ ਤੀਸਰਾ ਗੋਇੰਦਵਾਲ 540 ਮੈਗਾਵਾਟ ਦਾ ਥਰਮਲ ਪਾਵਰ ਪਲਾਂਟ ਲਗਾਇਆ ਇਸ ਨਾਲ ਬਿਜਲੀ ਦੀ ਮੰਗ ਪੂਰੀ ਹੋ ਗਈ। ਹੁਣ ਪੰਜਾਬ ਕੋਲ ਬਿਜਲੀ ਸਮਰੱਥਾ 13940 ਮੈਗਾਵਾਟ ਹੋ (ਸਮੇਤ ਸਟੇਟ ਥਰਮਲ ਪਲਾਂਟ) ਗਈ ਹੈ। ਗਰਮੀਆਂ ਵਿੱਚ ਪੰਜਾਬ ਅੰਦਰ ਬਿਜਲੀ ਦੀ ਮੰਗ 11000 ਮੈਗਾਵਾਟ ਤੋਂ ਲੈ ਕੇ 12000 ਮੈਗਾਵਾਟ ਤੱਕ ਦੀ ਹੈ ਅਤੇ ਸਰਦੀਆਂ ਦੌਰਾਨ ਇਹ ਘਟ ਕੇ 5000 ਮੈਗਾਵਾਟ ਤੱਕ ਰਹਿ ਜਾਂਦੀ ਹੈ। ਹਰੇਕ ਸਾਲ ਬਿਜਲੀ ਦੀ ਮੰਗ 4 ਤੋਂ 5 ਪ੍ਰਤੀਸ਼ਤ ਤੱਕ ਵਧ ਰਹੀ ਹੈ। ਪਹਿਲੀ ਸਮੱਸਿਆ ਇਹ ਹੈ ਕਿ ਬਿਜਲੀ ਘਟ ਨਹੀਂ ਵਧ ਗਈ ਹੈ। ਸਮੱਸਿਆ ਬਹੁਤਾਤ ਦੀ ਹੈ। ਸਰਕਾਰ ਨੇ ਕੰਪਨੀਆਂ ਨਾਲ ਜਿਹੜੇ ਸਮਝੌਤੇ ਕੀਤੇ ਹਨ, ਉਹਨਾਂ ਮੁਤਾਬਿਕ ਸਰਕਾਰ ਨੂੰ ਕਪੈਸਟੀ ਚਾਰਜ਼ ਦਾ ਖਰਚਾ ਦੇਣਾ ਹੀ ਪੈਣਾ ਹੈ। ਉਸਨੂੰ ਸਰਕਾਰ ਵਰਤੇ ਚਾਹੇ ਨਾ ਵਰਤੇ। ਚਾਰਜ ਦੋ ਤਰ੍ਹਾਂ ਦੇ ਹਨ। ਇੱਕ ਕਪੈਸਟੀ ਚਾਰਜ ਤੇ ਦੂਸਰਾ ਐਨਰਜੀ ਚਾਰਜ। ਕਪੈਸਟੀ ਚਾਰਜ ਬਿਜਲੀ ਦਾ ਖਰਚਾ ਹੈ ਅਤੇ ਐਨਰਜੀ ਚਾਰਜ ਕੋਲੇ ਦਾ ਖਰਚਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਤਲਵੰਡੀ ਸਾਬੋ ਦਾ ਥਰਮਲ ਪਲਾਂਟ 1980 ਮੈਗਾਵਾਟ ਦੀ ਸਮਰੱਥਾ ਦਾ ਹੈ ਅਸੀਂ ਉਸਤੋਂ ਸਿਰਫ 1000 ਮੈਗਾਵਾਟ ਦੀ ਬਿਜਲੀ ਖਰੀਦ ਰਹੇ ਹਾਂ। ਉਸ ਲਈ ਸਾਨੂੰ ਕਪੈਸਟੀ ਚਾਰਜ 1980 ਦੇ ਹੀ ਦੇਣੇ ਪੈਣੇ ਹਨ ਅਤੇ ਐਨਰਜੀ ਚਾਰਜ ਅਸੀਂ 1000 ਮੈਗਾਵਾਟ ਦੇ ਹੀ ਦੇਵਾਂਗੇ। ਇਸ ਕਾਰਨ ਅਸੀਂ ਬਿਨਾਂ ਬਿਜਲੀ ਵਰਤੇ ਕੰਪਨੀਆਂ ਨੂੰ ਚਾਰਜ ਦੇ ਰਹੇ ਹਾਂ। ਸਰਦੀਆਂ ਵਿੱਚ ਵਰਤੋਂ ਹੋਰ ਵੀ ਘਟ ਜਾਂਦੀ ਹੈ ਪ੍ਰੰਤੂ ਅਸੀਂ ਕਪੈਸਟੀ ਚਾਰਜ ਪੂਰੇ ਦਿੰਦੇ ਹਾਂ। ਹਰੇਕ ਸਾਲ ਅਸੀਂ ਪ੍ਰਾਈਵੇਟ ਥਰਮਲਾਂ ਨੂੰ 1300 ਕਰੋੜ ਕਪੈਸਟੀ ਚਾਰਜ ਦਿੰਦੇ ਹਾਂ (ਦਾ ਟ੍ਰਿਬਿਊਨ)। ਸਰਕਾਰ ਨੇ ਇਹਨਾਂ ਸਮਝੌਤਿਆਂ ਕਰਕੇ ਪਹਿਲਾਂ ਬਠਿੰਡਾ ਦਾ ਥਰਮਲ ਪਲਾਂਟ ਬੰਦ ਕਰ ਦਿੱਤਾ ਅਤੇ ਹੁਣ ਰੋਪੜ ਥਰਮਲ ਪਲਾਂਟ ਦੇ ਦੋ ਯੂਨਿਟ ਬੰਦ ਹਨ। ਜੇਕਰ

ਸਰਕਾਰ ਆਪਣੇ ਖੜੇ ਯੂਨਿਟਾਂ ਨੂੰ ਚਲਾਉਂਦੀ ਹੈ ਤਾਂ 400 ਕਰੋੜ ਰੁਪਏ ਸਾਲ ਦੇ ਸਿੱਧੇ ਬਚਦੇ ਹਨ (ਹਿੰਦਸਤਾਨ ਟਾਈਮਜ਼)। ਦੂਸਰੀ ਸਮੱਸਿਆ ਇਹ ਕਿ ਸਰਕਾਰ ਨੇ ਕੰਪਨੀਆਂ ਨਾਲ ਚਲਦੇ ਕੇਸਾਂ ਦੀ ਪੂਰੀ ਤਰ੍ਹਾਂ ਪੈਰਵੀ ਨਹੀਂ ਕੀਤੀ ਤੇ ਦੋਵੇਂ ਕੇਸ ਹਾਰ ਗਈ। ਪਹਿਲਾ ਕੇਸ ਕੋਲੇ ਦੀ ਖਰੀਦ ਨਾਲ ਸਬੰਧਿਤ ਸੀ ਜਿਸ ਵਿੱਚ 1400 ਕਰੋੜ ਰੁਪਏ ਦਿੱਤੇ। ਦੂਸਰਾ ਕੋਲੇ ਨੂੰ ਸਾਫ਼ ਕਰਨ ਨਾਲ ਸਬੰਧਿਤ ਸੀ ਜਿਸ ਵਿੱਚ 1100 ਕਰੋੜ ਰੁਪਏ ਦਿੱਤੇ। ਤੀਸਰੀ ਸਮੱਸਿਆ ਕਿ ਪ੍ਰਾਈਵੇਟ ਥਰਮਲ ਪਲਾਂਟ ਇਹ ਕਹਿ ਕੇ ਲਗਾਏ ਸਨ ਕਿ ਇਸ ਤੋਂ ਬਿਜਲੀ ਸਸਤੀ ਮਿਲੇਗੀ। ਸਮਝੌਤੇ ਵੇਲੇ ਦੱਸਿਆ ਵੀ ਇਹੀ ਸੀ। ਰਾਜਪੁਰਾ ਥਰਮਲ ਪਲਾਂਟ ਤੋਂ 2.89 ਰੁਪਏ ਯੂਨਿਟ, ਤਲਵੰਡੀ ਸਾਬੋ ਥਰਮਲ ਪਲਾਂਟ ਤੋਂ 2.36 ਰੁਪਏ ਯੂਨਿਟ ਅਤੇ ਗੋਇੰਦਵਾਲ ਥਰਮਲ ਪਲਾਂਟ ਤੋਂ 2.69 ਰੁਪਏ ਯੂਨਿਟ ਬਿਜਲੀ ਖਰੀਦੀ ਜਾਵੇਗੀ। ਪਰ ਅੱਜ ਬਿਜਲੀ ਲਗਭਗ 9 ਰੁਪਏ ਯੂਨਿਟ ਦੇ ਹਿਸਾਬ ਨਾਲ ਪੈ ਰਹੀ ਹੈ। ਸਰਕਾਰ ਚਾਹੇ ਬਾਦਲਾਂ ਦੀ ਹੋਵੇ ਚਾਹੇ ਕੈਪਟਨ ਦੀ, ਇਹ ਸਪੱਸ਼ਟ ਨਹੀਂ ਦੱਸ ਰਹੇ ਕਿ ਅਸਲ ਵਿੱਚ ਅੰਦਰੋ-ਅੰਦਰੀ ਹੋਰ ਕੀ ਲੈਣ-ਦੇਣ ਹੋਏ ਹਨ? ਜਿਹੜਾ ਲੋਕਾਂ ਨੂੰ ਨਹੀਂ ਪਤਾ ਤੇ ਲੋਕ ਉਸਦਾ ਹਰਜ਼ਾਨਾ ਬਿਜਲੀ ਬਿੱਲਾਂ ਦੇ ਰੂਪ ਵਿੱਚ ਦੇ ਰਹੇ ਹਨ।

**ਅਸਲ ਕਾਰਨ**

ਜਦੋਂ ਨਿੱਜੀਕਰਨ ਦੀ ਨੀਤੀ ਆਈ ਤਾਂ ਜਿੱਥੇ ਹੋਰ ਅਦਾਰੇ ਪ੍ਰਾਈਵੇਟ ਹੱਥਾਂ ਵਿੱਚ ਦਿੱਤੇ ਗਏ ਤਾਂ ਕੇਂਦਰ ਸਰਕਾਰ ਨੇ ਬਿਜਲੀ ਨੂੰ ਸਰਕਾਰੀ ਖੇਤਰ ਵਿੱਚੋਂ ਕੱਢ ਕੇ ਪ੍ਰਾਈਵੇਟ ਹੱਥਾਂ ਵਿੱਚ ਦੇਣ ਦਾ ਫੈਸਲਾ ਕਰ ਦਿੱਤਾ। ਪੰਜਾਬ ਵਿੱਚ ਬਿਜਲੀ ਬੋਰਡ ਨੂੰ ਤੋੜ ਕੇ ਇਸਦੀਆਂ ਦੋ ਕਾਰਪੋਰੇਸ਼ਨਾਂ ਬਣਾਉਣ ਦਾ ਫੈਸਲਾ 2003 ਵਿੱਚ ਹੋ ਗਿਆ। ਉਦੋਂ ਕੈਪਟਨ ਦੀ ਹੀ ਸਰਕਾਰ ਸੀ। ਪ੍ਰੰਤੂ ਇਸਤੇ ਅਮਲ ਅਕਾਲੀ-ਭਾਜਪਾ ਸਰਕਾਰ ਵੇਲੇ 16 ਅਪ੍ਰੈਲ 2010 ਨੂੰ ਹੋਇਆ। ਅਮਲ ਹੋਣ 'ਚ ਦੇਰੀ ਦਾ ਕਾਰਨ ਜੱਥੇਬੰਦੀਆਂ ਦੇ ਸੰਘਰਸ਼ ਦਾ ਦਬਾਅ ਅਤੇ ਹੁਕਮਰਾਨਾਂ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਸਨ। ਹੁਣ ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ. ਨਾਂ ਦੀਆਂ ਦੋ ਕਾਰਪੋਰੇਸ਼ਨਾਂ ਹਨ। ਕੇਂਦਰ ਦੀ ਨਿੱਜੀਕਰਨ ਦੀ ਨੀਤੀ ਕਾਰਨ ਦੇਸ਼ ਵਿੱਚ ਬਿਜਲੀ ਦੇ ਖੇਤਰ ਵਿੱਚ ਰਿਲਾਇੰਸ, ਟਾਟਾ, ਅਡਾਨੀ, ਵੇਦਾਂਤਾ, NTPC, NHPT, L&T Limited, GVK ਆਦਿ ਦਿਓ ਕੱਦ ਵਿਦੇਸ਼ੀ ਤੇ ਭਾਰਤੀ ਕੰਪਨੀਆਂ ਆ ਗਈਆਂ ਹਨ ਜਿਨ੍ਹਾਂ ਨੇ ਪਣਬਿਜਲੀ, ਥਰਮਲ ਪਲਾਂਟ ਤੋਂ ਲੈ ਕੇ ਪ੍ਰਮਾਣੂ ਬਿਜਲੀ ਦੇ ਖੇਤਰ ਤੱਕ ਪੈਰ ਪਸਾਰ ਲਏ। 1 ਸਤੰਬਰ 2008 ਨੂੰ ਪੰਜਾਬ ਸਰਕਾਰ ਵੱਲੋਂ BOO ਅਧਾਰਿਤ ਵੇਦਾਂਤਾ ਕੰਪਨੀ (ਵਿਦੇਸ਼ੀ) ਨਾਲ ਤਲਵੰਡੀ ਸਾਬੋ ਥਰਮਲ ਪਲਾਂਟ ਲਾਉਣ ਦਾ ਫੈਸਲਾ ਹੋਇਆ। BOO ਤੋਂ ਭਾਵ Build, Own and Operate ਯਾਨਿ ਕਿ ਕੰਪਨੀ ਬਿਜਲੀ ਪਲਾਂਟ ਵੀ ਆਪ ਉਸਾਰੂ। ਉਸਦੀ ਮਾਲਕ ਵੀ ਆਪ ਹੋਊ ਤੇ ਚਲਾਉਣ ਦਾ ਕਾਰਜ ਵੀ ਆਪ ਹੀ ਕਰੂ। ਇਸ ਤਹਿਤ ਕੋਲਾ ਖਰੀਦਣ ਦੀ ਕੋਈ ਬੰਦਿਸ਼ ਨਹੀਂ ਹੋਵੇਗੀ। ਇਸ ਤਹਿਤ 14 ਤੋਂ 25 ਸਾਲ ਤੱਕ ਦਾ ਸਮਝੌਤਾ ਹੋਵੇਗਾ। ਅਧਾਰ ਢਾਂਚਾ ਬਣਾਉਣ ਤੇ ਸਪਲਾਈ ਦਾ ਕੰਮ ਬਿਜਲੀ ਖਰੀਦਣ ਵਾਲੀ ਧਿਰ ਕਰੇਗੀ। 21 ਜੂਨ 2010 ਨੂੰ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ ਤਹਿਤ 'ਪਾਵਰ ਜਨਰੇਸ਼ਨ ਪਾਲਿਸੀ 2010' ਬਣਾਈ। ਇਸ ਮੁਤਾਬਿਕ ਪ੍ਰਾਈਵੇਟ ਕੰਪਨੀ ਨਾਲ ਪੀ.ਪੀ.ਏ. ਤਹਿਤ ਸਮਝੌਤਾ ਕੀਤਾ ਜਾਵੇਗਾ। ਪੀ.ਪੀ.ਏ. ਤਹਿਤ ਗੋਇੰਦਵਾਲ ਤੇ ਰਾਜਪੁਰੇ ਦੇ ਥਰਮਲ ਪਲਾਂਟ ਲਗਾਏ ਗਏ। ਪੀ.ਪੀ.ਏ. ਦਾ ਮਤਲਬ Power Purchasing Aggrement ਭਾਵ ਬਿਜਲੀ ਖਰੀਦਣ ਦਾ ਸਮਝੌਤਾ। ਅੱਗੇ ਕੰਮ ਕਿਵੇਂ ਕਰਨਾ ਹੈ ਇਸ ਤਹਿਤ ਤੈਅ ਹੁੰਦਾ। ਇਸ ਵਿੱਚ ਬਿਜਲੀ ਦਾ ਮੁੱਲ ਨਿਸ਼ਚਤ ਹੁੰਦਾ ਹੈ। ਵੇਚਣ ਵਾਲਾ ਬਿਜਲੀ ਦੇ ਉੱਪਰ ਥੱਲੇ ਹੁੰਦੇ ਮੁੱਲ ਤੋਂ ਮੁਕਤ ਹੁੰਦਾ ਹੈ। ਇਹ 15 ਤੋਂ 25 ਸਾਲ ਲਈ ਹੁੰਦਾ ਹੈ। (ਪੀ.ਪੀ.ਏ. ਭਾਗ 9.1 ਮੁਤਾਬਿਕ)। ਰਾਜਪੁਰੇ ਤੇ ਗੋਇੰਦਵਾਲ ਲਈ ਜ਼ਮੀਨ ਸੇਜ਼ (Sez - Special Economic Zone) ਤਹਿਤ ਲਈ ਗਈ। ਰਾਜਪੁਰੇ ਵਾਲਾ ਥਰਮਲ ਪਲਾਂਟ ਲਾਰਸਨ ਐਂਡ ਟਰਬੋ ਲਿਮਟਿਡ ਵੱਲੋਂ ਲਗਾਇਆ ਗਿਆ ਹੈ ਜਿਸਦਾ ਮੁੱਖ ਹੈਡਕੁਆਟਰ ਮੁੰਬਈ ਵਿੱਚ ਹੈ ਤੇ ਇਹ ਇੱਕ ਵੱਡੀ ਕੰਪਨੀ ਹੈ। ਗੋਇੰਦਵਾਲ ਵਾਲੇ ਥਰਮਲ ਪਲਾਂਟ ਦਾ ਸਮਝੌਤਾ ਹੈਦਰਾਬਾਦ ਸਥਿਤ ਜੀ.ਵੀ.ਕੇ. ਕੰਪਨੀ ਨਾਲ ਹੋਇਆ, ਜਿਹੜੀ ਦਿਓਕੱਦ ਕੰਪਨੀ ਹੈ। ਜਿੱਥੇ ਇਸ ਸਮੱਸਿਆ ਦਾ ਕਾਰਨ ਨਿੱਜੀਕਰਨ ਹੈ ਉਥੇ ਇਸਦਾ ਕਾਰਨ BOO ਅਤੇ PPA ਤਹਿਤ ਹੋਏ ਸਮਝੌਤੇ ਹਨ, ਜਿਹਨਾਂ ਦੀ ਮਿਆਦ 25 ਸਾਲ ਹੈ।

ਅੱਜ ਦੀ ਨਿੱਜੀਕਰਨ ਦੀ ਨੀਤੀ ਦੇ ਕਾਰਨ ਸਟੇਟ ਦੀ ਹਿੱਸੇਦਾਰੀ ਬਿਜਲੀ ਦੀ ਪੈਦਾਵਾਰ ਦੇ ਖੇਤਰ ਵਿੱਚ 2012-13 ਵਿੱਚ 57% ਤੋਂ ਘਟ ਕੇ 2016-17 ਵਿੱਚ 23% ਰਹਿ ਗਈ। ਦੂਸਰੇ ਪਾਸੇ ਬਿਜਲੀ ਖਰੀਦਣ ਦੇ ਖੇਤਰ ਵਿੱਚ ਇਹ 2012-13 ਵਿੱਚ 43% ਤੋਂ ਵਧ ਕੇ 2016-17 ਵਿੱਚ 77% 'ਤੇ ਚਲੀ ਗਈ ਹੈ। ਹਾਕਮ ਜਮਾਤਾਂ ਦੀ ਕਿਸੇ ਸਿਆਸੀ ਪਾਰਟੀ ਨੇ ਨਾ ਨਿੱਜੀਕਰਨ ਦੀ ਨੀਤੀ ਰੱਦ ਕਰਨੀ ਅਤੇ ਨਾ ਹੀ ਦਿਓ ਕੱਦ ਕੰਪਨੀਆਂ ਨਾਲ ਕੀਤੇ ਸਮਝੌਤੇ ਰੱਦ ਕਰਨੇ ਹਨ। ਪਹਿਲਾਂ ਦੱਸੇ ਮੁਤਾਬਿਕ ਬਿਜਲੀ ਖਰੀਦਣ ਦੀ ਮਜਬੂਰੀ ਕਰਕੇ ਬਠਿੰਡੇ ਦੇ ਥਰਮਲ 'ਤੇ ਜਿਸਨੂੰ ਪਹਿਲਾਂ 750 ਕਰੋੜ ਖਰਚ ਕਰਕੇ ਉਸਦਾ ਆਧੁਨਿਕੀਕਰਨ ਕੀਤਾ ਉਥੇ ਹੁਣ ਉਸ ਨੂੰ ਬੰਦ ਕਰ ਦਿੱਤਾ ਹੈ। ਪੰਜਾਬ ਸਰਕਾਰ ਕੋਰਟ ਵਿੱਚੋਂ ਕੇਸ ਹਾਰੀ ਨਹੀਂ ਇੱਕ ਤਰੀਕੇ ਨਾਲ ਆਪ ਹਾਰੇ ਹਨ। ਬਿਜਲੀ ਮਹਿੰਗੀ ਹੋਣ ਦਾ ਇੱਕ ਹੋਰ

ਕਾਰਨ ਸਰਕਾਰ ਵੱਲੋਂ ਲਾਈ ਗਈ ਡਿਊਟੀ ਵੀ ਹੈ। 3 ਜੂਨ 2019 ਦੀ ਹਿੰਦੋਸਤਾਨ ਟਾਈਮਜ਼ ਦੀ ਰਿਪੋਰਟ ਮੁਤਾਬਿਕ ਸਰਕਾਰ ਲੈਵੀ ਦੇ ਰੂਪ ਵਿੱਚ 3500 ਕਰੋੜ ਰੁਪਏ ਕਮਾਉਂਦੀ ਹੈ। ਬਿਜਲੀ ਤੇ ਪੇਂਡੂ ਖੇਤਰ ਵਿੱਚ 15% ਡਿਊਟੀ ਲਗਾਈ ਹੋਈ ਹੈ ਅਤੇ ਸ਼ਹਿਰੀ ਖੇਤਰ ਵਿੱਚ ਇਹ 13% ਅਤੇ 2% ਮਿਊਂਸਪੈਲਟੀ ਕਾਰਪੋਰੇਸ਼ਨ ਟੈਕਸ ਹੈ। ਗਊ ਸੈੱਸ ਕੁੱਝ ਖੇਤਰਾਂ ਵਿੱਚ ਵੱਖਰਾ ਲਗਦਾ ਹੈ।

ਕਾਂਗਰਸ ਸਰਕਾਰ ਵੱਲੋਂ ਸੁਖਬੀਰ 'ਤੇ ਲਾਏ ਦੋਸ਼ ਆਪਾ ਢਕਣ ਲਈ ਹਨ। ਸੁਖਬੀਰ ਦੀ ਗੱਲ ਸਹੀ ਹੈ ਕਿ ਇਹ ਸਮਝੌਤੇ ਮਨਮੋਹਨ ਸਿੰਘ ਮਾਰਕਾ ਆਰਥਿਕ ਨੀਤੀਆਂ ਮੁਤਾਬਿਕ ਹਨ ਤੇ ਕੈਪਟਨ ਦਾ ਬਿਜਲੀ ਬੋਰਡ ਤੋੜਨ ਦਾ ਫੈਸਲਾ ਵੀ ਕਾਂਗਰਸ ਦਾ ਆਪਣਾ ਹੀ ਸੀ। ਹੁਣ ਵੀ ਉਹ ਕੇਸਾਂ ਦੀ ਪੈਰਵੀ ਨਹੀਂ ਕਰ ਰਿਹਾ। ਕਾਂਗਰਸ ਨੇ ਆਪਣੇ ਮੈਨੀਫੈਸਟੋ ਦੇ ਪੰਨਾ ਨੰਬਰ 102 ਵਿੱਚ ਕਿਹਾ ਸੀ ਕਿ ਅਸੀਂ ਬਿਜਲੀ ਤੋਂ ਸਾਰੀਆਂ ਡਿਊਟੀਆਂ ਹਟਾਵਾਂਗੇ ਪ੍ਰੰਤੂ ਉਲਟਾ ਲਗਾ ਦਿੱਤੀਆਂ ਹਨ। ਕੈਪਟਨ ਬਿਜਲੀ ਸਸਤੀ ਦੇਣ ਦੇ ਵਾਅਦੇ ਤੋਂ ਮੁੱਕਰ ਗਿਆ ਹੈ। ਉਸਤੋਂ ਕੋਈ ਬਿਜਲੀ ਸਸਤੀ ਦੀ ਆਸ ਨਹੀਂ ਕੀਤੀ ਜਾ ਸਕਦੀ। ਸੁਖਬੀਰ ਜਿਹੜਾ ਸਾਰਾ ਦੋਸ਼ ਕਾਂਗਰਸ ਅਤੇ ਕੈਪਟਨ 'ਤੇ ਲਾ ਰਿਹਾ ਹੈ, ਉਹ ਨਿਰਾ ਝੂਠਾ ਹੈ। ਬਿਜਲੀ ਬੋਰਡ ਦੇ ਨਿੱਜੀਕਰਨ ਦੇ ਫੈਸਲੇ 'ਤੇ ਅਮਲ ਤਾਂ ਅਕਾਲੀ-ਭਾਜਪਾ ਸਰਕਾਰ ਵੇਲੇ ਹੀ ਹੋਇਆ ਅਤੇ ਜਿਹੜੇ ਤਿੰਨੇ ਥਰਮਲ ਪਲਾਂਟਾਂ ਨਾਲ ਸਮਝੌਤੇ ਕੀਤੇ ਹਨ ਉਹ ਤਾਂ ਉਸਨੇ ਆਪ ਕੀਤੇ ਹਨ, ਹੁਣ ਉਹ ਕਿਵੇਂ ਮੁੱਕਰ ਸਕਦਾ ਜਦ ਸਾਰੇ ਦੇਸ਼ ਵਿੱਚ ਔਸਤਨ ਪ੍ਰਾਈਵੇਟ ਕੰਪਨੀਆਂ ਵੱਲੋਂ 2.68 ਰੁਪਏ ਯੂਨਿਟ ਦੇ ਹਿਸਾਬ ਨਾਲ ਬਿਜਲੀ ਮਿਲਦੀ ਹੈ। ਜਿਸ ਵਿੱਚ ਰਿਲਾਇੰਸ ਤਾਂ 1.75 ਰੁਪਏ ਯੂਨਿਟ ਤੇ ਮਹਿੰਦਰਾ 1.5 ਰੁਪਏ ਯੂਨਿਟ ਦੇ ਹਿਸਾਬ ਨਾਲ ਦਿੰਦਾ ਹੈ ਤਾਂ ਇਸਨੇ ਐਨੇ ਮਹਿੰਗੇ ਸਮਝੌਤੇ ਆਪਣਾ ਢਿੱਡ ਭਰਨ ਲਈ ਰੱਖੀ ਹਿੱਸੇਦਾਰੀ ਲਈ ਹੀ ਕੀਤੇ ਹਨ। ਤੀਸਰਾ ਆਮ ਆਦਮੀ ਪਾਰਟੀ ਜਿਹੜੀ ਰੌਲਾ ਪਾ ਰਹੀ ਹੈ ਕਿ ਉਹ ਸੇਜ ਤੇ ਪ੍ਰਾਈਵੇਟਾਈਜੇਸ਼ਨ ਦੇ ਉਲਟ ਹੈ। ਦਿੱਲੀ ਵਿੱਚ ਜਿਹੜੇ ਦਾਅਵੇ ਕੀਤੇ ਸੀ ਕਿ ਸੱਤਾ ਵਿੱਚ ਆਉਣ 'ਤੇ ਪ੍ਰਾਈਵੇਟ ਕੰਪਨੀਆਂ ਦਾ ਆਡਿਟ ਕਰਵਾਇਆ ਜਾਵੇਗਾ, ਉਹ ਕਿੱਥੇ ਗਿਆ? ਕੀ ਉਹ ਇਹ ਸਮਝੌਤੇ ਰੱਦ ਕਰਨ ਦੀ ਹਿੰਮਤ ਰੱਖਦੇ ਹਨ? ਦਿੱਲੀ ਵਿੱਚ ਤਾਂ ਹਿੰਮਤ ਵਿਖਾਈ ਨਹੀਂ। ਇਹ ਹਿੰਮਤ ਕਿਸੇ ਵੀ ਹਾਕਮ ਜਮਾਤ ਸਿਆਸੀ ਪਾਰਟੀ ਵਿੱਚ ਨਹੀਂ। ਇਹ ਹਿੰਮਤ ਤਾਂ ਲੋਕਾਂ ਦੇ ਹੱਥ ਵਿੱਚ ਹੈ। ਜੇਕਰ ਲੋਕ ਤਾਕਤ ਹਾਕਮਾਂ 'ਤੇ ਭਾਰੂ ਪੈਂਦੀ ਹੈ ਤਾਂ ਫਿਰ ਹੀ ਸਭ ਸਮਝੌਤੇ ਰੱਦ ਹੋ ਸਕਦੇ ਹਨ, ਨਹੀਂ ਤਾਂ ਇਹ ਦੂਸ਼ਣਬਾਜੀ ਤੋਂ ਬਿਨਾਂ ਕੁਝ ਨਹੀਂ ਤੇ ਇਹ ਭਾਅ ਹਰੇਕ ਸਾਲ ਹੀ ਵਧਦੇ ਜਾਣੇ ਹਨ।

## ਜਗਤਜੀਤ ਇੰਡਸਟਰੀਜ਼ ਡੈਮੋਕਰੇਟਿਕ ਵਰਕਰਜ਼ ਯੂਨੀਅਨ ਦਾ ਵਰਕਰ ਮੰਗਾਂ ਲਈ ਮੋਰਚਾ ਜਾਰੀ

ਜਗਤਜੀਤ ਇੰਡਸਟਰੀਜ਼ ਡੈਮੋਕਰੇਟਿਕ ਵਰਕਰਜ਼ ਯੂਨੀਅਨ (ਇਫਟੂ) ਦੀ ਅਗਵਾਈ ਹੇਠ ਜਗਤਜੀਤ ਇੰਡ. ਹਮੀਰਾ ਦੇ ਵਰਕਰਾਂ ਦੀਆਂ ਮੰਗਾਂ ਦੇ ਹੱਲ ਲਈ 6 ਜਨਵਰੀ ਤੋਂ ਲਗਾਤਾਰ ਦਿਨ-ਰਾਤ ਦਾ ਮੋਰਚਾ ਕੁਝ ਵਰਕਰਾਂ ਦੀ ਸਿਹਤ ਵਿਗੜਨ ਦੇ ਬਾਵਜੂਦ ਨਿਰੰਤਰ ਜਾਰੀ ਹੈ। ਜੱਥੇਬੰਦੀ ਵੱਲੋਂ ਫੈਕਟਰੀ ਮਾਲਕਾਂ ਤੇ ਪ੍ਰਸ਼ਾਸ਼ਨ 'ਤੇ ਦਬਾਅ ਬਣਾਉਣ ਲਈ ਦੇਸ਼ ਵਿਆਪੀ ਹੜਤਾਲ ਨਾਲ ਇੱਕਮੁੱਠਤਾ ਪ੍ਰਗਟ ਕਰਨ ਲਈ 8 ਜਨਵਰੀ ਨੂੰ ਫੈਕਟਰੀ ਅੰਦਰ ਮੁਕੰਮਲ ਹੜਤਾਲ ਕਰਵਾਈ ਗਈ ਅਤੇ ਫੈਕਟਰੀ ਗੇਟ ਨੂੰ ਬੰਦ ਕੀਤਾ ਗਿਆ। 31 ਜਨਵਰੀ ਨੂੰ ਫੈਕਟਰੀ ਦੇ ਮੁੱਖ ਗੇਟ ਵੱਲ ਰੋਹ ਭਰਪੂਰ ਮੁਜਾਹਰਾ ਕੀਤਾ ਗਿਆ। 26 ਜਨਵਰੀ ਨੂੰ ਕਪੂਰਥਲਾ ਸ਼ਹਿਰ ਅਤੇ ਅੰਮ੍ਰਿਤਸਰ-ਜਲੰਧਰ ਜੀ.ਟੀ. ਰੋਡ ਹਮੀਰਾ ਵਿਖੇ ਗਣਤੰਤਰ ਦਿਵਸ ਮੌਕੇ ਪੁਲੀਸ ਰੋਕਾਂ ਦੇ ਬਾਵਜੂਦ ਕਾਲੇ ਝੰਡੇ ਵਿਖਾਏ ਗਏ। ਚੱਲ ਰਹੇ ਸੰਘਰਸ਼ ਨੂੰ ਅਸਫ਼ਲ ਕਰਨ ਲਈ ਮੈਨੇਜਮੈਂਟ ਤੇ ਇੰਟਕ ਤੇ ਬੀ.ਐਮ.ਐਸ. ਪੂਰਾ ਤਾਣ ਲਾ ਰਹੀਆਂ ਹਨ। ਦਿੱਤੇ ਜਾ ਰਹੇ ਲਾਲਚਾਂ ਨੂੰ ਵਰਕਰਾਂ ਨੇ ਠੋਹਕਰ ਮਾਰੀ ਹੈ।

ਸੰਘਰਸ਼ ਦੇ ਬਣੇ ਦਬਾਅ ਨੇ ਪ੍ਰਸਾਸ਼ਨ ਨੂੰ ਵਾਰ-ਵਾਰ ਜੱਥੇਬੰਦੀ ਨਾਲ ਮੀਟਿੰਗਾਂ ਕਰਨ ਤੇ ਸੰਘਰਸ਼ਸ਼ੀਲ ਲੀਡਰਸ਼ਿਪ ਤੇ ਵਰਕਰਾਂ ਵਿਰੁੱਧ ਦਰਜ ਪੁਲੀਸ ਕੇਸ ਵਾਪਸ ਲੈਣ ਲਈ ਮਜਬੂਰ ਕੀਤਾ ਹੈ। ਪ੍ਰੰਤੂ ਸਿਆਸੀ ਦਬਾਅ ਕਾਰਨ ਪ੍ਰਸਾਸ਼ਨ ਹਾਲੇ ਫੈਕਟਰੀ ਮਾਲਕਾਂ ਦਾ ਸਾਥ ਦੇ ਰਿਹਾ ਹੈ ਅਤੇ ਮਸਲੇ ਨੂੰ ਪੂਰੀ ਤਰ੍ਹਾਂ ਹੱਲ ਨਹੀਂ ਕਰ ਰਿਹਾ। ਫੈਕਟਰੀ 'ਚੋਂ ਕੱਢੇ ਵਰਕਰਾਂ ਨੂੰ ਮਾਲਕ ਸ਼ਰਤਾਂ ਤਹਿਤ ਵਾਪਸ ਲੈਣ ਦੀ ਗੱਲ ਕਰ ਰਹੇ ਹਨ ਪਰੰਤੂ ਜੱਥੇਬੰਦੀ ਬਿਨਾਂ ਸ਼ਰਤ ਲੈਣ ਲਈ ਬਜਿੱਦ ਹੈ ਅਤੇ ਵਰਕਰਾਂ ਦੀਆਂ ਮੰਗਾਂ ਦੇ ਹੱਲ ਦੀ ਮੰਗ ਕਰ ਰਹੇ ਹਨ।

2 ਫਰਵਰੀ ਨੂੰ ਡੀ.ਸੀ. ਅਤੇ ਐਸ.ਐਸ.ਪੀ. ਕਪੂਰਥਲਾ ਨੇ ਮੀਟਿੰਗ ਬੁਲਾਈ ਜਿਸ ਵਿੱਚ ਵੀ ਮਸਲੇ ਦਾ ਕੋਈ ਹੱਲ ਨਹੀਂ ਹੋਇਆ। ਜੱਥੇਬੰਦੀ ਨੇ ਫੈਕਟਰੀ ਦੇ ਨੇੜਲੇ ਅਤੇ ਵਰਕਰਾਂ ਦੇ ਪਿੰਡਾਂ ਵਿੱਚ ਲਾਮਬੰਦੀ ਕਰਕੇ ਅਗਲੇ ਸੰਘਰਸ਼ ਦਾ ਫੈਸਲਾ ਕੀਤਾ ਹੈ। ਇਸ ਸੰਘਰਸ਼ ਨੂੰ ਅਨੇਕਾਂ ਦਲਿਤ ਜੱਥੇਬੰਦੀਆਂ ਨੇ ਵੀ ਸਮਰਥਨ ਦਿੱਤਾ ਹੈ। ਸੰਘਰਸ਼ ਜਾਰੀ ਹੈ। ਸੰਘਰਸ਼ ਦੀ ਅਗਵਾਈ ਇਫਟੂ ਦੀ ਸੂਬਾਈ ਤੇ ਸਥਾਨਕ ਲੀਡਰਸ਼ਿਪ ਕਰ ਰਹੀ ਹੈ।

# ਕਿਰਤ ਕਾਨੂੰਨਾਂ ਵਿੱਚ ਤਬਦੀਲੀ ਦਾ ਟਰਾਂਸਪੋਰਟ ਕਰਮਚਾਰੀਆਂ ਉਪਰ ਅਸਰ

ਦੁਨੀਆਂ ਭਰ ਵਿੱਚ ਅਤੇ ਭਾਰਤ ਵਿੱਚ ਮਜ਼ਦੂਰ ਜਮਾਤ ਨੇ ਆਪਣੇ ਸੰਘਰਸ਼ਾਂ ਨਾਲ ਰੁਜ਼ਗਾਰ, ਸੁਰੱਖਿਆ ਅਤੇ ਕਲਿਆਣਕਾਰੀ ਯੋਜਨਾਵਾਂ ਦੇ ਕਈ ਅਧਿਕਾਰ ਪ੍ਰਾਪਤ ਕੀਤੇ। 1991 ਵਿੱਚ ਨਵੀਆਂ ਆਰਥਿਕ ਉਦਯੋਗਿਕ ਨੀਤੀਆਂ ਦੇ ਅਮਲ ਨਾਲ ਇਨ੍ਹਾਂ ਅਧਿਕਾਰਾਂ ’ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। 2014 ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਹ ਹਮਲੇ ਕਈ ਗੁਣਾ ਵਧ ਗਏ ਹਨ। ਦੁਬਾਰਾ ਸੱਤਾ ਵਿੱਚ ਆਉਣ ਤੋਂ ਬਾਅਦ ਉਸਨੇ ਤੁਰੰਤ ਹੀ ਮਜ਼ਦੂਰਾਂ ਦੇ ਅਧਿਕਾਰ ਸਮਾਪਤ ਕਰਨੇ ਸ਼ੁਰੂ ਕਰ ਦਿੱਤੇ ਹਨ। ਦੂਸਰੀ ਵਾਰ ਸੱਤਾ ਸੰਭਾਲਣ ਤੋਂ ਤਿੰਨ ਮਹੀਨੇ ਦੇ ਅੰਦਰ ਹੀ ਉਸਨੇ 17 ਕਿਰਤ ਕਾਨੂੰਨ ਸਮਾਪਤ ਕਰ ਦਿੱਤੇ ਅਤੇ ਸੰਸਦ ਵਿੱਚ ਦੋ ਨਵੇਂ ਕਿਰਤ ਕੋਡ ਪਾਸ ਕਰ ਦਿੱਤੇ। ਇਹਨਾਂ ਵਿੱਚ ਇੱਕ ਹੈ ਤਨਖਾਹ ਕੋਡ ਇਸ ਕੋਡ ਦੇ ਅਧੀਨ ਹੁਣ ਤਨਖਾਹ ਸਬੰਧੀ ਸਾਰੇ ਮਾਮਲੇ ਸ਼ਾਮਿਲ ਹੋਣਗੇ ਅਤੇ ਮਜ਼ਦੂਰੀ ਦਾ ਕਾਨੂੰਨ, ਬੋਨਸ ਦਾ ਕਾਨੂੰਨ, ਘੱਟੋ-ਘੱਟ ਉਜਰਤ ਦਾ ਕਾਨੂੰਨ, ਬਰਾਬਰ ਕੰਮ ਬਰਾਬਰ ਤਨਖਾਹ ਕਾਨੂੰਨ ਸਭ ਸਮਾਪਤ ਹੋ ਜਾਣਗੇ। ਦੂਸਰਾ ਕੋਡ, ਕਿੱਤਾ ਸੁਰੱਖਿਆ, ਸਿਹਤ ਅਤੇ ਕੰਮਕਾਰ ਦੀਆਂ ਹਾਲਤਾਂ ਉੱਪਰ ਕੋਡ। ਇਸ ਦੇ ਲਾਗੂ ਹੋਣ ਨਾਲ 1948 ਦਾ ਫੈਕਟਰੀ ਐਕਟ, 1952 ਦਾ ਖਾਣ ਕਾਨੂੰਨ, ਬੰਦਰਗਾਹ ਕਿਰਤੀ ਕਾਨੂੰਨ, ਬਿਲਡਿੰਗ ਕੰਸਟਰਕਸ਼ਨ ਵਰਕਰ ਕਾਨੂੰਨ 1996, ਬਾਗ਼ਬਾਨੀ ਮਜ਼ਦੂਰ ਕਾਨੂੰਨ 1951, ਠੇਕੇਦਾਰੀ ਮਜ਼ਦੂਰ ਨਿਯਮਤੀਕਰਨ ਕਾਨੂੰਨ 1970, ਅੰਤਰਰਾਜੀ ਪ੍ਰਵਾਸੀ ਮਜ਼ਦੂਰ ਕਾਨੂੰਨ 1979, ਕੰਮ ਕਰ ਰਹੇ ਪੱਤਰਕਾਰ ਅਤੇ ਸਮਾਚਾਰ ਪੱਤਰ ਮਜ਼ਦੂਰ ਕਾਨੂੰਨ 1955, ਪੱਤਰਕਾਰ ਤਨਖਾਹ ਕਾਨੂੰਨ 1960, ਮੋਟਰ ਆਵਾਜਾਈ ਕਾਨੂੰਨ 1955, ਵਿਕਰੀ ਅਤੇ ਪ੍ਰਚਾਰ-ਪ੍ਰਸਾਰ ਕਾਨੂੰਨ 1976, ਬੀੜੀ ਅਤੇ ਸਿਗਾਰ ਮਜ਼ਦੂਰ ਕਾਨੂੰਨ 1961, ਸਿਨੇਮਾ ਮਜ਼ਦੂਰ ਅਤੇ ਸਿਨੇਮਾ ਥੀਏਟਰ ਮਜ਼ਦੂਰ ਕਾਨੂੰਨ 1981, ਕੁੱਲ ਮਿਲਾਕੇ 13 ਕਾਨੂੰਨ ਸਮਾਪਤ ਕਰ ਦਿੱਤੇ ਗਏ ਹਨ ਅਤੇ ਉਪਰੋਕਤ ਕੋਡ ’ਤੇ ਹੁਣ ਅਮਲ ਕੀਤਾ ਜਾਵੇਗਾ।

ਸੋਧਾਂ ਕਰਨ ਦੇ ਨਾਂ ਹੇਠ ਸਰਕਾਰ ਨੇ ਕਾਰਪੋਰੇਟ ਦੇ ਹਿੱਤ ਵਿੱਚ 44 ਕਿਰਤ ਕਾਨੂੰਨ ਰੱਦ ਕਰ ਦਿੱਤੇ ਹਨ ਜਾਂ ਕਰਨ ਜਾ ਰਹੀ ਹੈ। ਇਨ੍ਹਾਂ ਦੀ ਥਾਂ ’ਤੇ ਹੁਣ ਕੇਂਦਰ ਸਰਕਾਰ ਚਾਰ ਨਵੇਂ ਕੋਡ ਲਾਗੂ ਕਰਨਾ ਚਾਹੁੰਦੀ ਹੈ। ਜਿਹਨਾਂ ਵਿੱਚੋਂ ਇੱਕ ਨੂੰ ਉਹ ਪਾਰਲੀਮੈਂਟ ਵਿੱਚ ਪਾਸ ਕਰ ਚੁੱਕੀ ਹੈ। ਜਦੋਂਕਿ ਕਿਰਤੀਆਂ ਦੇ ਵਿਰੋਧ ਦੀ ਵਜ੍ਹਾ ਕਾਰਨ ਦੂਸਰੇ ਨੂੰ ਪਾਰਲੀਮੈਂਟਰੀ ਕਮੇਟੀ ਕੋਲ ਭੇਜ ਦਿੱਤਾ ਹੈ। ਜੇਕਰ ਇਹ ਕਿਹਾ ਜਾਵੇ ਕਿ ਇਹਨਾਂ ਨਵੇਂ ਕਾਨੂੰਨਾਂ ਵਿੱਚ ਮਜ਼ਦੂਰਾਂ ਦੇ 0.01 ਫੀਸਦੀ ਹਿੱਤਾਂ ਦੀ ਵੀ ਰੱਖਿਆ ਨਹੀਂ ਕੀਤੀ ਗਈ ਤਾਂ ਇਹ ਅੱਤਕਥਨੀ ਨਹੀਂ ਹੋਵੇਗੀ। ਪੁਰਾਣੇ ਕਾਨੂੰਨਾਂ ਦੀ ਤੁਲਨਾ ਵਿੱਚ ਨਵੇਂ ਕਾਨੂੰਨਾਂ ਵਿੱਚ ਮਜ਼ਦੂਰਾਂ ਦੇ ਹਿੱਤ ਵਿੱਚ ਇੱਕ ਵੀ ਮੱਦ ਨਹੀਂ ਹੈ। 17 ਕਾਨੂੰਨਾਂ ਵਿੱਚ ਦਿੱਤੇ ਗਏ 622 ਹਿੱਸਿਆਂ ਨੂੰ ਘਟਾ ਕੇ ਹੁਣ ਇਨਾਂ ਨੂੰ 2 ਕੋਡਾਂ, ਜਿਹਨਾਂ ਨੂੰ ਸੰਸਦ ਪਾਸ ਕਰ ਚੁੱਕੀ ਹੈ, ਦੇ ਅਧੀਨ 134 ਹਿੱਸਿਆਂ ਵਿੱਚ ਸਮੇਟ ਦਿੱਤਾ ਗਿਆ ਹੈ। ਇਹ ਸਾਰੇ ਪੁਰਾਣੇ ਨਿਯਮ, ਰੁਜ਼ਗਾਰ ਦੀ ਸੁਰੱਖਿਆ, ਸਿਹਤ, ਤਨਖਾਹ ਅਤੇ ਬੇਹਤਰ ਕੰਮ ਦੇ ਹਾਲਾਤ ਸੁਰੱਖਿਅਤ ਕਰਨ ਨਾਲ ਸਬੰਧਿਤ ਸਨ। ਇਸ ਤਰ੍ਹਾਂ ਸੋਧਾਂ ਦੇ ਨਾਮ ’ਤੇ 622 ਵਿੱਚੋਂ 488 ਅੰਗ ਹਟਾ ਦਿੱਤੇ ਗਏ ਹਨ। ਜੋ ਮਜ਼ਦੂਰਾਂ ਦੇ ਹਿੱਤ ਵਿੱਚ ਸਨ। ਪੁਰਾਣੇ ਕਾਨੂੰਨਾਂ ਵਿੱਚ ਪ੍ਰਬੰਧਕਾਂ ਨੂੰ ਕਈ ਰਜਿਸਟਰ ਰੱਖਣੇ ਪੈਂਦੇ ਸਨ। ਸੋਧਾਂ ਦੇ ਨਾਮ ਹੇਠ ਕਾਰਪੋਰੇਟਾਂ ਨੂੰ ਸਿਰਫ ਇੱਕ ਹੀ ਰਜਿਸਟਰ ਰੱਖਣ ਦੀ ਜ਼ਰੂਰਤ ਹੋਵੇਗੀ। ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਉਸਨੇ ਕਾਨੂੰਨ ਨੂੰ ਸੌਖਾ ਬਣਾਇਆ ਹੈ ਅਤੇ ਦੋਵਾਂ ਪੱਖਾਂ ਦੇ ਕੁੱਝ ਹਿੱਸੇ ਹਟਾ ਦਿੱਤੇ ਗਏ ਹਨ। ਸੱਚ ਤਾਂ ਇਹ ਹੈ ਕਿ ਕੋਡ ਬਣਾਉਣ ਦੇ ਨਾਮ ’ਤੇ ਉਸਨੇ ਚਲਾਕੀ ਨਾਲ ਪ੍ਰਬੰਧਕਾਂ ਦੇ ਬੋਝ ਨੂੰ ਹਲਕਾ ਕਰ ਦਿੱਤਾ ਹੈ। ਇਸਦੇ ਨਾਲ ਹੀ ਉਹਨਾਂ ਨੇ 1961 ਦਾ ਮੋਟਰ ਵਹੀਕਲ ਮਜ਼ਦੂਰ ਕਾਨੂੰਨ ਨੂੰ ਰੱਦ ਕਰ ਦਿੱਤਾ ਹੈ ਅਤੇ ਹੁਣ ਵਹੀਕਲ ਮਜ਼ਦੂਰਾਂ ਦੇ ਸਾਰੇ ਅਧਿਕਾਰ ਖੁੱਸ ਜਾਣਗੇ। ਆਓ ਦੇਖੀਏ ਉਹ ਕਿਹੜੇ ਸਨ।

ਜੋ ਕਾਨੂੰਨ ਹਟਾਏ ਗਏ ਸਨ ਉਹਨਾਂ ਵਿੱਚ ਖਾਸ ਸਥਿਤੀਆਂ ਦੇ ਲਈ ਵਿਸ਼ੇਸ਼ ਪ੍ਰਬੰਧ ਦਰਜ ਸਨ। ਇਹ ਸਭ ਕੰਮ ਦੇ ਹਾਲਾਤ, ਸਿਹਤ ਦੀ ਸਮੱਸਿਆ ਅਤੇ ਤਨਖਾਹ ਆਦਿ ਨਾਲ ਸਬੰਧਿਤ ਸਨ। ਹੁਣ ਇਸ ਕਾਨੂੰਨ ਦੇ ਰੱਦ ਹੋਣ ਨਾਲ ਸਾਰੇ ਵਿਸ਼ੇਸ਼ ਨਿਯਮ ਸਮਾਪਤ ਕਰ ਦਿੱਤੇ ਗਏ ਹਨ। ਟਰਾਂਸਪੋਰਟ ਮਜ਼ਦੂਰਾਂ ਦੇ ਕੰਮ ਦੇ ਹਾਲਾਤ ਉਦਯੋਗਿਕ ਅਤੇ ਗੈਰ-ਜੱਥੇਬੰਦਕ ਖੇਤਰ ਦੇ ਮਜ਼ਦੂਰਾਂ ਤੋਂ ਕਾਫੀ ਵੱਖਰੇ ਹਨ। ਇਨ੍ਹਾਂ ਵਖਰੇਵਿਆਂ ਤੋਂ ਇਨਕਾਰ ਕਰਕੇ ਸਭ ਨੂੰ ਇੱਕੋ ਹੀ ਕੋਡ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ।

1961 ਦਾ ਮੋਟਰ ਵਹੀਕਲ ਮਜ਼ਦੂਰ ਕਾਨੂੰਨ ਉਨ੍ਹਾਂ ਸਾਰੀਆਂ ਥਾਵਾਂ ’ਤੇ ਲਾਗੂ ਸੀ, ਜਿਹਨਾਂ ਥਾਵਾਂ ’ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸੰਖਿਆ 5 ਜਾਂ ਇਸਤੋਂ ਜਿਆਦਾ ਸੀ। ਨਵੇਂ ਕੋਡ ਵਿੱਚ ਇਸ ਨੂੰ 10 ਕਰ ਦਿੱਤਾ ਗਿਆ ਹੈ। ਜਿਸ ਦਾ ਅਰਥ ਹੈ ਕਿ ਨਵਾਂ ਕਾਨੂੰਨ 9 ਜਾਂ ਉਸਤੋਂ ਘੱਟ ਮਜ਼ਦੂਰਾਂ ਵਾਲੇ ਥਾਵਾਂ ਪਰ ਲਾਗੂ ਨਹੀਂ ਹੋਵੇਗਾ। ਜਿਨ੍ਹਾਂ ਕੰਮ ਥਾਵਾਂ ’ਤੇ 9 ਡਰਾਈਵਰ

ਹਨ ਪਰ ਕੰਡਕਟਰ ਨਹੀਂ ਹੈ, ਉਥੇ ਨਵੇਂ ਕਾਨੂੰਨ ਦਾ ਲਾਭ ਨਹੀਂ ਮਿਲੇਗਾ। ਜੇਕਰ ਦੋ ਮਜ਼ਦੂਰ ਇੱਕ ਵਹੀਕਲ 'ਤੇ ਕੰਮ ਕਰਦੇ ਹਨ ਅਤੇ ਕੰਮ ਦੀ ਜਗ੍ਹਾ 'ਤੇ 4 ਵਹੀਕਲ ਹਨ ਤਾਂ ਉਹਨਾਂ ਨੂੰ ਵੀ ਇਸਦਾ ਲਾਭ ਨਹੀਂ ਮਿਲੇਗਾ। ਇਸ ਤਰ੍ਹਾਂ ਜੇਕਰ ਕਿਸੇ ਇੱਕ ਅਦਾਰੇ ਨੂੰ ਦੋ ਜਾਂ ਤਿੰਨ ਭਾਗਾਂ ਵਿੱਚ ਵੰਡਕੇ ਅਲੱਗ-ਅਲੱਗ ਦਿਖਾਇਆ ਜਾਵੇ ਤਾਂ ਵੀ ਮਜ਼ਦੂਰਾਂ ਨੂੰ ਲਾਭ ਨਹੀਂ ਮਿਲੇਗਾ। 2009 ਵਿੱਚ ਪ੍ਰਬੰਧਕਾਂ ਦੀਆਂ ਚਲਾਕੀਆਂ ਤੋਂ ਮਜ਼ਦੂਰਾਂ ਦੀ ਰੱਖਿਆ ਕਰਨ ਲਈ ਬੀ.ਬੀ. ਗਿਰੀ ਕੌਮੀ ਸੰਗਠਨ ਨੇ ਮੋਟਰ ਵਹੀਕਲ ਕਾਨੂੰਨ 1961 ਵਿੱਚ ਸੋਧਾਂ ਪ੍ਰਸਤਾਵਤ ਕੀਤੀਆਂ ਸਨ। ਕਮੇਟੀ ਦਾ ਸੁਝਾਅ ਸੀ ਕਿ ਕੰਮ ਦੀਆਂ ਹਾਲਤਾਂ ਨੂੰ ਸੁਧਾਰਨ ਵਿੱਚ ਕੋਈ ਛੋਟ ਨਾ ਰੱਖੀ ਜਾਵੇ ਅਤੇ ਜੇਕਰ ਕਿਸੇ ਅਦਾਰੇ ਵਿੱਚ ਇੱਕ ਹੀ ਮਜ਼ਦੂਰ ਕੰਮ ਕਰਦਾ ਹੈ ਤਾਂ ਉਸ ਨੂੰ ਪ੍ਰਾਵੀਡੈਂਟ ਫੰਡ, ਈ.ਐਸ.ਆਈ. ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣ। ਪ੍ਰੰਤੂ ਇਨ੍ਹਾਂ ਸਿਫਾਰਿਸ਼ਾਂ 'ਤੇ ਨਾ ਤਾਂ ਪਿਛਲੀ ਸਰਕਾਰ ਨੇ ਅਮਲ ਕੀਤਾ ਤੇ ਨਾ ਹੀ ਮੌਜੂਦਾ ਸਰਕਾਰ ਨੇ। ਇਨ੍ਹਾਂ ਮੌਜੂਦਾ ਸੋਧਾਂ ਨੇ ਮਜ਼ਦੂਰਾਂ ਦੀ ਗਿਣਤੀ 5 ਤੋਂ ਵਧਾਕੇ 10 ਕਰਕੇ 60% ਮਜ਼ਦੂਰਾਂ ਨੂੰ ਇਸ ਕਾਨੂੰਨ ਦੀ ਸੁਰੱਖਿਆ ਦੇ ਘੇਰੇ ਵਿੱਚੋਂ ਬਾਹਰ ਕਰ ਦਿੱਤਾ ਹੈ।

ਮੋਟਰ ਵਹੀਕਲ ਕਾਨੂੰਨ 1961 ਵਿੱਚ ਪੜਤਾਲ ਦਾ ਵੀ ਪ੍ਰਬੰਧ ਹੈ। ਪਹਿਲੀ ਸ਼੍ਰੇਣੀ ਮੈਜਿਸਟਰੇਟ ਦਰਜੇ ਦੇ ਮੁੱਖ ਇੰਸਪੈਕਟਰ ਜਾਂ ਇੰਸਪੈਕਟਰ ਨੂੰ ਕਾਨੂੰਨ ਨੂੰ ਲਾਗੂ ਕਰਾਉਣ ਲਈ ਕੰਪਨੀਆਂ ਦੀ ਪੜਤਾਲ ਕਰਨ ਅਤੇ ਉਲੰਘਣਾ ਕਰਨ 'ਤੇ ਸਜ਼ਾਯਾਫਤਾ ਕਾਰਵਾਈ ਕਰਨ ਦਾ ਅਧਿਕਾਰ ਹੈ। ਨਵੇਂ ਕੋਡ ਦੇ ਅੰਤਰਗਤ ਇਹ ਅਧਿਕਾਰ ਖਤਮ ਹੋ ਜਾਵੇਗਾ। ਪੁਰਾਣੇ ਕਾਨੂੰਨ ਵਿੱਚ ਕੁੱਲ 12 ਸੈਕਸ਼ਨਾਂ ਵਿੱਚੋਂ 6 ਹਿੱਸਿਆਂ ਵਿੱਚ ਮਜ਼ਦੂਰਾਂ ਅਤੇ ਕਰਮਚਾਰੀਆਂ ਦੇ ਹੱਕਾਂ ਦੀ ਰਾਖੀ ਲਈ ਸੁਪਰਵੀਜਨ ਕਮੇਟੀਆਂ ਨੂੰ ਜ਼ਿੰਮੇਵਾਰੀ ਦਿੱਤੀ ਗਈ ਸੀ। ਹੁਣ ਨਵੇਂ ਕੋਡ ਵਿੱਚ ਸਾਰੇ ਮਜ਼ਦੂਰਾਂ ਨੂੰ ਇੱਕੋ ਹੀ ਨਵੀਂ ਇੰਸਪੈਕਟਰ ਅਤੇ ਫੈਸਿਲੀਟੇਟਰ ਕਮੇਟੀ ਦੇ ਅਧੀਨ ਲਿਆਂਦਾ ਗਿਆ ਹੈ। ਇਹ ਸੂਬਾ ਪੱਧਰ ਜਾਂ ਕੇਂਦਰੀ ਪੱਧਰ 'ਤੇ ਬਣਾਈ ਜਾ ਸਕਦੀ ਹੈ। ਪੁਰਾਣੇ ਕਾਨੂੰਨ ਦਾ ਇਹ ਕੌੜਾ ਤਜਰਬਾ ਹੈ ਕਿ ਵੱਖ-ਵੱਖ ਕਿਰਤ ਕਾਨੂੰਨਾਂ ਵਿੱਚ ਇੰਸਪੈਕਟਰਾਂ ਦਾ ਅਲੱਗ-ਅਲੱਗ ਪ੍ਰਬੰਧ ਹੋਣ ਦੇ ਬਾਵਜੂਦ ਢੰਗ ਨਾਲ ਪੜਤਾਲ ਨਹੀਂ ਕੀਤੀ ਜਾਂਦੀ ਸੀ। ਹੁਣ ਸਭ ਲਈ ਇੱਕ ਹੀ ਕਾਨੂੰਨ ਬਣਨ ਤੋਂ ਬਾਅਦ ਪੜਤਾਲ ਕਰਾਉਣਾ ਇੱਕ ਸੁਫਨਾ ਬਣਕੇ ਰਹਿ ਜਾਵੇਗਾ।

ਮੋਟਰ ਵਹੀਕਲ ਐਕਟ 1961 ਦੇ ਅਨੁਸਾਰ ਮਜ਼ਦੂਰਾਂ ਦੀ ਸਿਹਤ ਅਤੇ ਸਿਹਤ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਮਾਨਤਾ ਪ੍ਰਾਪਤ ਡਾਕਟਰ ਨਿਯੁਕਤ ਹੋਣੇ ਚਾਹੀਦੇ ਹਨ। ਜੇਕਰ ਵਰਕਰਾਂ ਦੀ ਗਿਣਤੀ 100 ਤੋਂ ਜਿਆਦਾ ਹੈ ਤਾਂ ਕੰਟੀਨ ਦਾ ਹੋਣਾ ਜ਼ਰੂਰੀ ਹੈ। ਮਜ਼ਦੂਰਾਂ ਦੇ ਆਰਾਮ ਲਈ ਕਮਰੇ ਬਣਾਏ ਜਾਣੇ ਸਨ। ਚਾਲਕਾਂ ਨੂੰ ਵਰਦੀ ਦੇਣ ਦੇ ਨਾਲ ਹੀ ਉਹਨਾਂ ਨੂੰ ਸਵੈਟਰ, ਰੇਨਕੋਟ ਵੀ ਦੇਣੇ ਹੁੰਦੇ ਸਨ। ਨਵੇਂ ਕੋਡ ਵਿੱਚ ਇਸ ਸਭ ਨੂੰ ਅਸਪੱਸ਼ਟ ਛੱਡ ਦਿੱਤਾ ਗਿਆ ਹੈ। ਕਿਹਾ ਗਿਆ ਹੈ ਕਿ ਸਾਲ ਵਿੱਚ ਇੱਕ ਵਾਰ ਸਿਹਤ ਦੀ ਜਾਂਚ ਕੀਤੀ ਜਾਵੇਗੀ।

ਨਵੇਂ ਕੋਡ ਵਿੱਚ ਮਜ਼ਦੂਰਾਂ ਨੂੰ ਸਜ਼ਾ ਦੇਣ ਦੇ ਨਾਮ 'ਤੇ ਨੌਕਰੀ ਤੋਂ ਹਟਾਉਣ ਦਾ ਵੀ ਪ੍ਰਬੰਧਕਾਂ ਨੂੰ ਨਵਾਂ ਹਥਿਆਰ ਦਿੱਤਾ ਗਿਆ ਹੈ। ਜੋ ਹੁਣ ਸਾਰੇ 13 ਖੇਤਰਾਂ ਦੇ ਕਰਮਚਾਰੀਆਂ 'ਤੇ ਲਾਗੂ ਕੀਤਾ ਜਾਵੇਗਾ। ਪੁਰਾਣੇ ਕਾਨੂੰਨ ਦੇ ਅਨੁਸਾਰ ਜੇਕਰ ਪ੍ਰਬੰਧਕ ਅਸਪੱਸ਼ਟ ਕਾਰਨਾਂ ਕਰਕੇ ਮਜ਼ਦੂਰਾਂ ਨੂੰ ਕੱਢਦੇ ਸਨ ਜਾਂ ਪ੍ਰਬੰਧਕਾਂ ਦੀ ਲਾਪ੍ਰਵਾਹੀ ਦੇ ਕਾਰਨ ਕੋਈ ਦੁਰਘਟਨਾ ਹੁੰਦੀ ਸੀ ਤਾਂ ਪ੍ਰਬੰਧਕਾਂ ਨੂੰ 3 ਜਾਂ 6 ਮਹੀਨੇ ਦੀ ਜੇਲ੍ਹ ਦੀ ਸਜ਼ਾ ਜਾਂ 500 ਰੁ. ਜੁਰਮਾਨਾ ਜਾਂ ਦੋਨੋਂ ਹੋ ਸਕਦੀਆਂ ਸਨ। ਮਜ਼ਦੂਰਾਂ ਉੱਪਰ ਕੁੱਝ ਸੀਮਤ ਸਜ਼ਾ ਦਾ ਪ੍ਰਬੰਧ ਸੀ। ਨਵੇਂ ਕੋਡ ਵਿੱਚ ਮਜ਼ਦੂਰਾਂ ਨੂੰ ਨਿਆਂ ਦੇਣ ਦੇ ਨਾਂ ਹੇਠ ਉਹਨਾਂ 'ਤੇ ਹੋਰ ਬੋਝ ਵਧਾ ਦਿੱਤਾ ਗਿਆ ਹੈ। ਨਵੇਂ ਕੋਡ ਦੇ ਅਨੁਸਾਰ ਉਪਰੋਕਤ ਜੁਰਮ ਹੋਣ 'ਤੇ ਪ੍ਰਬੰਧਕਾਂ ਨੂੰ ਦੋ ਸਾਲ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ 5 ਲੱਖ ਰੁਪਏ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਇਸ ਰਕਮ ਵਿੱਚ ਜੱਜ ਦੇ ਵਿਵੇਕ (discretion) 'ਤੇ 50% ਹਿੱਸਾ ਮਜ਼ਦੂਰ ਦੇ ਪਰਿਵਾਰ ਨੂੰ ਦਿੱਤਾ ਜਾ ਸਕਦਾ ਹੈ। ਜੇਕਰ ਮਜ਼ਦੂਰ ਦੇ ਪਰਿਵਾਰ ਨੂੰ ਇਹ ਨਹੀਂ ਦਿੱਤਾ ਜਾਂਦਾ ਤਾਂ ਪ੍ਰਬੰਧਕ 'ਤੇ ਜੁਰਮਾਨਾ ਘੱਟ ਕਰਕੇ 3 ਲੱਖ ਰੁਪਏ ਕੀਤਾ ਜਾ ਸਕਦਾ ਹੈ। ਕਿਸੇ ਵੀ ਉਦਯੋਗ ਜਾਂ ਸੰਸਥਾ ਵਿੱਚ ਇਹ ਸਾਬਿਤ ਕਰਨਾ ਬਹੁਤ ਮੁਸ਼ਕਿਲ ਹੈ ਕਿ ਦੁਰਘਟਨਾ ਪ੍ਰਬੰਧਕਾਂ ਦੀ ਲਾਪ੍ਰਵਾਹੀ ਨਾਲ ਹੋਈ ਹੈ ਜਾਂ ਇਸ ਲਈ ਉਹ ਜ਼ੁੰਮੇਵਾਰ ਸਨ। ਅਸਾਨੀ ਨਾਲ ਹੀ ਪ੍ਰਬੰਧਕ ਮਜ਼ਦੂਰਾਂ ਦੀ ਹੀ ਗਲਤੀ ਕੱਢ ਦਿੰਦੇ ਹਨ ਅਤੇ ਇਸਦੇ ਸਬੂਤ ਵੀ ਪੇਸ਼ ਕਰ ਦਿੰਦੇ ਹਨ। ਉਹ ਅਫਸਰਾਂ ਨੂੰ ਵੀ ਪ੍ਰਭਾਵਿਤ ਕਰ ਲੈਂਦੇ ਹਨ। ਇਸ ਕੋਡ ਤਹਿਤ ਪ੍ਰਬੰਧਕਾਂ ਨੂੰ ਸਜ਼ਾ ਦਾ ਸਵਾਲ ਅਸੰਭਵ ਹੈ।

ਇਸ ਕੋਡ ਨੇ ਪ੍ਰਬੰਧਕਾਂ ਨੂੰ ਮਜ਼ਦੂਰਾਂ 'ਤੇ ਹਮਲਾ ਕਰਨ ਦਾ ਇੱਕ ਹੋਰ ਔਜ਼ਾਰ ਦੇ ਦਿੱਤਾ ਹੈ। ਇਸ ਅਨੁਸਾਰ ਦੁਰਘਟਨਾ ਹੋਣ 'ਤੇ ਮਜ਼ਦੂਰਾਂ ਉੱਪਰ 10 ਹਜ਼ਾਰ ਦਾ ਜੁਰਮਾਨਾ ਲਾਇਆ ਜਾ ਸਕਦਾ ਹੈ। ਮੋਟਰ ਵਹੀਕਲ ਮਜ਼ਦੂਰਾਂ ਨੂੰ ਹੋਰ ਖੇਤਰਾਂ ਵਾਂਗ ਹੀ ਘੱਟੋ-ਘੱਟ ਮਜ਼ਦੂਰੀ ਵੀ ਨਹੀਂ ਦਿੱਤੀ ਜਾਂਦੀ। 10,000 ਦਾ ਜੁਰਮਾਨਾ ਭਰਨਾ ਕਿੱਦਾਂ ਸੰਭਵ ਹੋਵੇਗਾ। ਇਹ ਨਿਯਮ ਮਜ਼ਦੂਰਾਂ 'ਤੇ ਦਬਾਅ ਬਣਾਉਣ ਲਈ ਪ੍ਰਬੰਧਕਾਂ ਨੂੰ ਇੱਕ ਹੋਰ ਹਥਿਆਰ ਦਿੰਦਾ ਹੈ ਅਤੇ ਇਸ ਰਾਹੀਂ ਮਜ਼ਦੂਰਾਂ ਦੀ ਏਕਤਾ ਤੋੜਕੇ ਉਹਨਾਂ ਦੀ ਸੌਦੇਬਾਜੀ ਕਰਨ ਦੀ ਸਮਰੱਥਾ ਨੂੰ ਘਟਾ ਸਕਦਾ ਹੈ।

ਇਸ ਕੋਡ ਨੇ ਪ੍ਰਬੰਧਕਾਂ ਨੂੰ ਮਜ਼ਦੂਰ ਵਰਗ 'ਤੇ ਹਮਲਾ

ਕਰਨ ਦਾ ਇੱਕ ਹੋਰ ਹਥਿਆਰ ਵੀ ਦਿੱਤਾ ਹੈ। ਜੇਕਰ ਵਹੀਕਲ ਕਰਮਚਾਰੀ ਬਿਨਾਂ ਇਜਾਜਤ ਕੰਮ 'ਤੇ ਨਹੀਂ ਆਉਂਦਾ ਤਾਂ ਪ੍ਰਬੰਧਕ ਉਸਦੀ 8 ਦਿਨਾਂ ਦੀ ਤਨਖਾਹ ਕੱਟ ਸਕਦੇ ਹਨ। ਪੁਰਾਣੇ ਕਾਨੂੰਨ ਵਿੱਚ ਇਸ ਤਰ੍ਹਾਂ ਦਾ ਪ੍ਰਬੰਧ ਉਸ ਲਈ ਸੀ ਜਦੋਂ ਮਜ਼ਦੂਰ ਵਗੈਰ ਕਾਨੂੰਨੀ ਪ੍ਰਕਿਰਿਆ ਦੇ ਹੜਤਾਲ 'ਤੇ ਚਲੇ ਜਾਂਦੇ ਸਨ। ਇਸ ਮੱਦ ਨੂੰ ਹਟਾਉਣ ਲਈ ਮਜ਼ਦੂਰ ਲੰਮੇ ਸਮੇਂ ਤੋਂ ਮੰਗ ਕਰਦੇ ਰਹੇ ਹਨ। ਪਰ ਨਵੇਂ ਕੋਡ ਨੇ ਇਸ ਮੱਦ ਦੇ ਅਮਲ ਦਾ ਹੋਰ ਵਿਸਥਾਰ ਕਰਕੇ ਬਿਨਾਂ ਇਜਾਜਤ ਕੰਮ 'ਤੇ ਨਾ ਆਣ ਵਾਲੇ 'ਤੇ ਵੀ ਲਾਗੂ ਕਰ ਦਿੱਤਾ ਹੈ। ਮੋਟਰ ਵਹੀਕਲ ਕਾਨੂੰਨ ਮਜ਼ਦੂਰਾਂ ਦੀ ਸੁਰੱਖਿਆ, ਸਿਹਤ ਅਤੇ ਕੰਮ ਦੇ ਹਾਲਤਾਂ ਦੀ ਰੱਖਿਆ ਕਰਨ ਲਈ ਬਣਾਇਆ ਗਿਆ ਸੀ। ਪਰ ਇਸਦੀ ਥਾਂ ਨਵੇਂ ਕੋਡ ਨੂੰ ਲਿਆਕੇ ਮਜ਼ਦੂਰਾਂ ਦੀਆਂ ਇਹਨਾਂ ਸੁਰੱਖਿਆਵਾਂ ਨੂੰ ਖਤਮ ਕਰ ਦਿੱਤਾ ਗਿਆ ਹੈ।

ਇਸ ਸਭ ਦੇ ਨਾਲ-ਨਾਲ ਮੋਟਰ ਵਹੀਕਲ ਕਾਨੂੰਨ 1939 ਦੇ ਨਿਯਮਾਂ ਵਿੱਚ ਵੀ ਕਈ ਸੋਧਾਂ ਕੀਤੀਆਂ ਗਈਆਂ ਹਨ। ਇਹ ਨਿਯਮ ਵਹੀਕਲ ਮਜ਼ਦੂਰਾਂ 'ਤੇ ਕਈ ਰੋਕਾਂ ਲਗਾਉਂਦੇ ਹਨ। 2015 ਵਿੱਚ ਸੜਕ ਟਰਾਂਸਪੋਰਟ ਸੁਰੱਖਿਆ ਕਾਨੂੰਨ ਲਿਆਂਦਾ ਗਿਆ। ਇਸਦੇ ਖਿਲਾਫ 30 ਅਪ੍ਰੈਲ 2015 ਨੂੰ ਦੇਸ਼ ਪੱਧਰੀ ਵਹੀਕਲ ਚਾਲਕਾਂ ਦੀ ਹੜਤਾਲ ਕੀਤੀ ਗਈ ਸੀ ਜਿਸਦੇ ਦਬਾਅ ਕਾਰਨ ਕੇਂਦਰ ਸਰਕਾਰ ਨੇ ਇਹ ਕਾਨੂੰਨ ਨੂੰ ਵਾਪਸ ਲੈ ਲਿਆ ਸੀ। ਹੁਣ ਗਜਟ ਵਿੱਚ ਅਧੀਸੂਚਨਾ ਕੱਢਕੇ 9 ਅਗਸਤ 2019 ਨੂੰ ਸੜਕ ਸੁਰੱਖਿਆ ਕਾਨੂੰਨ ਲਿਆਂਦਾ ਗਿਆ ਹੈ। ਇਸ ਕਾਨੂੰਨ ਤਹਿਤ ਸੜਕ ਦੀਆਂ ਹਾਲਤਾਂ, ਟਰੈਫਿਕ ਦੀਆਂ ਹਾਲਤਾਂ ਅਤੇ ਸਰਕਾਰ ਦੀਆਂ ਜ਼ਿੰਮੇਵਾਰੀਆਂ ਦੀ ਪ੍ਰਵਾਹ ਕੀਤੇ ਬਿਨਾਂ ਮੋਟਰ ਚਾਲਕ ਮਜ਼ਦੂਰਾਂ ਉੱਤੇ ਬੋਝ ਵਧਾ ਦਿੱਤਾ ਗਿਆ ਹੈ।

ਮੋਟਰ ਟਰਾਂਸਪੋਰਟ ਕਾਨੂੰਨ ਵਿੱਚ 2018 ਵਿੱਚ ਗੌਰਮਿੰਟ ਆਡਰ (G.O.) 859 ਨਾਲ ਸੋਧ ਕਰਕੇ ਲਾਇਸੈਂਸ ਫੀਸ ਅਤੇ ਚਲਾਨਾਂ ਦੀ ਰਕਮ 200% ਤੋਂ ਜਿਆਦਾ ਵਧਾ ਦਿੱਤੀ ਗਈ ਹੈ। ਹੁਣ 2019 ਦੇ ਸੜਕ ਸੁਰੱਖਿਆ ਕਾਨੂੰਨ ਹੇਠ ਸੜਕ ਦੁਰਘਟਨਾਵਾਂ ਦੀ ਪੂਰੀ ਜ਼ੁੰਮੇਵਾਰੀ ਮਜ਼ਦੂਰਾਂ ਉੱਪਰ ਪਾ ਦਿੱਤੀ ਗਈ ਹੈ। ਦੁਰਘਟਨਾਵਾਂ ਘਟਾਉਣ ਦੇ ਨਾਂ 'ਤੇ ਉਹਨਾਂ ਨੇ ਜੁਰਮਾਨੇ ਦੀ ਰਕਮ 500% ਤੋਂ 2000% ਵਧਾ ਦਿੱਤੀ ਹੈ ਅਤੇ ਸਜ਼ਾ ਵੀ ਵਧਾ ਦਿੱਤੀ ਹੈ। ਸਰਕਾਰ ਦਾ ਅਮਲੀ ਟੀਚਾ ਦੁਰਘਟਨਾਵਾਂ ਨੂੰ ਘੱਟ ਕਰਨਾ ਨਹੀਂ, ਬੀਮਾ ਕੰਪਨੀਆਂ ਦੇ ਮੁਨਾਫੇ ਅਤੇ ਰਾਜ ਸਰਕਾਰ ਦੀ ਆਮਦਨੀ ਨੂੰ ਵਧਾਉਣਾ ਹੈ। ਨਵੇਂ ਕਾਨੂੰਨ ਵਿੱਚ 63 ਨਵੇਂ ਨਿਯਮ ਵੀ ਲਿਆਂਦੇ ਗਏ ਹਨ। ਇਨ੍ਹਾਂ ਵਿੱਚੋਂ 5-6 ਨੂੰ ਛੱਡਕੇ ਬਾਕੀ ਸਭ ਮਜ਼ਦੂਰਾਂ ਨੂੰ ਕੰਟਰੋਲ ਕਰਨ ਲਈ ਅਤੇ ਉਹਨਾਂ ਦੀ ਆਮਦਨੀ 'ਤੇ ਡਾਕਾ ਮਾਰਨ ਲਈ ਬਣਾਏ ਗਏ ਹਨ।

ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਅੰਕੜਿਆਂ ਦੇ ਅਨੁਸਾਰ ਸੜਕ ਦੁਰਘਟਨਾਵਾਂ ਵਿੱਚ ਹਰ ਸਾਲ 1.5 ਲੱਖ ਲੋਕ ਮਾਰੇ ਜਾਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਸੜਕ ਸੁਰੱਖਿਆ ਕਾਨੂੰਨ ਮੌਤ ਦਰ ਘਟਾਉਣ ਲਈ ਲਿਆਂਦਾ ਗਿਆ ਹੈ। ਪਰ ਕੀ ਕਾਰਨ ਹੈ ਕਿ ਸਰਕਾਰ ਉਦਯੋਗਿਕ ਦੁਰਘਟਨਾਵਾਂ 'ਤੇ ਧਿਆਨ ਨਹੀਂ ਦੇ ਰਹੀ ਹੈ। ਸਰਕਾਰੀ ਅੰਕੜਿਆਂ ਅਨੁਸਾਰ 75 ਹਜ਼ਾਰ ਮੌਤਾਂ ਹਰ ਸਾਲ ਹੁੰਦੀਆਂ ਹਨ। ਇਸਦੇ ਇਲਾਵਾ ਕਿੱਤੇ ਨਾਲ ਜੁੜੀਆਂ ਬਿਮਾਰੀਆਂ ਦੇ ਕਾਰਨ 1 ਲੱਖ ਤੋਂ ਜਿਅਦਾ ਮਜ਼ਦੂਰ ਮਰ ਜਾਂਦੇ ਹਨ। ਇਹ ਸਭ 1.75 ਲੱਖ ਮਜ਼ਦੂਰ ਪ੍ਰਬੰਧਕਾਂ ਦੀ ਲਾਪ੍ਰਵਾਹੀ ਕਾਰਨ ਮਰਦੇ ਹਨ। ਭੂਪਾਲ ਗੈਸ ਤ੍ਰਾਸਦੀ ਵਿੱਚ ਇਸੇ ਅਣਗਹਿਲੀ ਦੇ ਕਾਰਨ 5500 ਲੋਕ ਮਾਰੇ ਗਏ ਸਨ। ਹਾਕਮ ਬਹੁਤ ਚਲਾਕੀ ਨਾਲ ਸੜਕ ਦੁਰਘਟਨਾਵਾਂ ਦੇ ਨਾਮ ਹੇਠ ਨਵੇਂ ਕਾਨੂੰਨ ਬਣਾ ਰਹੇ ਹਨ, ਜਿਹਨਾਂ ਦੇ ਨਿਸ਼ਾਨੇ 'ਤੇ ਵਹੀਕਲ ਮਜ਼ਦੂਰ ਹੀ ਹਨ। ਕੇਂਦਰ ਸਰਕਾਰ ਉਦਯੋਗਿਕ ਦੁਰਘਟਨਾਵਾਂ ਰੋਕਣ ਲਈ ਕੋਈ ਵਿਸ਼ੇਸ਼ ਕਾਨੂੰਨ ਨਹੀਂ ਬਣਾ ਰਹੀ। ਸਰਕਾਰ ਦਾ ਟੀਚਾ ਸਿੱਧੇ ਤੌਰ 'ਤੇ ਕਾਰਪੋਰੇਟ ਅਤੇ ਉਹਨਾਂ ਦੇ ਪ੍ਰਬੰਧਕਾਂ ਨੂੰ ਲਾਭ ਪਹੁੰਚਾਉਣਾ ਹੈ।

ਇੱਕ ਹੋਰ ਸਵਾਲ 'ਤੇ ਧਿਆਨ ਦੇਣਾ ਜ਼ਰੂਰੀ ਹੈ। ਕੇਂਦਰ ਸਰਕਾਰ ਨੇ 13 ਕਾਨੂੰਨਾਂ ਨੂੰ ਮਿਲਾਕੇ ਜੋ ਨਵਾਂ ਕੋਡ ਬਣਾਇਆ ਹੈ, ਉਸ ਵਿੱਚ ਵੀ ਉਸਨੇ ਕੁਝ ਗੱਲਾਂ ਆਪਣੇ ਹੱਥ ਵਿੱਚ ਰੱਖ ਲਈਆਂ ਸਨ, ਜਿਸ ਰਾਹੀਂ ਉਹ ਭਵਿੱਖ ਵਿੱਚ ਵੀ ਪ੍ਰਬੰਧਕਾਂ ਦੇ ਪੱਖ ਵਿੱਚ ਸੋਧਾਂ ਲਿਆ ਸਕਦੀ ਹੈ। ਇਸ ਲਈ ਉਸਨੇ ਕੋਡ ਵਿੱਚ ਇੱਕ ਹੋਰ ਮੱਦ ਜੋੜ ਦਿੱਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਉਦਯੋਗਿਕ ਖੇਤਰ ਅਨੁਸਾਰ ਜਿਸ ਤਰ੍ਹਾਂ ਦੀ ਜ਼ਰੂਰਤ ਪਵੇਗੀ ਅਤੇ ਉਹਨਾਂ ਦੀ ਵਿਸ਼ੇਸ਼ ਹਾਲਤ ਦੇ ਅਨੁਕੂਲ ਕੁਝ ਅਲੱਗ ਕਾਨੂੰਨ ਇਸ ਕੋਡ ਅਤੇ ਉਸਦੇ ਨਿਯਮਾਂ ਦੇ ਤਹਿਤ ਵੀ ਬਣਾਏ ਜਾ ਸਕਦੇ ਹਨ। ਇੱਕ ਤਰ੍ਹਾਂ ਨਾਲ ਉਹਨਾਂ ਨੇ 13 ਕਾਨੂੰਨਾਂ ਦੀ ਜਗ੍ਹਾ ਇੱਕ ਕੋਡ ਬਣਾਕੇ ਕਾਨੂੰਨ ਨੂੰ ਸਰਲ ਕਰਨ ਦਾ ਦਾਅਵਾ ਕੀਤਾ ਗਿਆ ਹੈ। ਫਿਰ ਵੀ ਪ੍ਰਬੰਧਕਾਂ ਦੇ ਹਿੱਤ ਵਿੱਚ ਇਸਦੇ ਤਹਿਤ ਨਵੇਂ ਕਾਨੂੰਨ ਬਣਾਉਣ ਦੇ ਅਧਿਕਾਰ ਆਪਣੇ ਹੱਥ ਵਿੱਚ ਰੱਖੇ ਹਨ।

ਇਹ ਸੁਰੱਖਿਆ, ਸਿਹਤ ਅਤੇ ਕੰਮ ਹਾਲਤਾਂ ਦਾ ਨਵਾਂ ਕੋਡ 2019 ਪੂਰੀ ਤਰ੍ਹਾਂ ਨਾਲ ਕਾਰਪੋਰੇਟ ਦੇ ਦਿਸ਼ਾ-ਨਿਰਦੇਸ਼ਾਂ 'ਤੇ ਬਣਾਇਆ ਗਿਆ ਹੈ। ਇਹ ਕਾਨੂੰਨ ਮੋਟਰ ਟਰਾਂਸਪੋਰਟ ਮਜ਼ਦੂਰਾਂ ਅਤੇ 12 ਹੋਰ ਖੇਤਰਾਂ ਦੇ ਮਜ਼ਦੂਰਾਂ ਦੇ ਲਈ ਖਤਰੇ ਦੀ ਘੰਟੀ ਹੈ। ਇਨ੍ਹਾਂ ਮਜ਼ਦੂਰ ਵਿਰੋਧੀ ਕਾਨੂੰਨੀ ਸੋਧਾਂ ਦੇ ਖਿਲਾਫ ਇੱਕ ਜੁਝਾਰੂ ਸੰਘਰਸ਼ ਕਰਨਾ ਜ਼ਰੂਰੀ ਹੈ।

### ਅਮਰੀਕਾ ਵੱਲੋਂ ਇਰਾਨੀ ਜਰਨੈਲ ਦਾ ਕਤਲ

# ਮੱਧ-ਪੂਰਬ ਦੀ ਸ਼ਾਂਤੀ ਲਈ ਗੰਭੀਰ ਖਤਰਾ

3 ਜਨਵਰੀ ਨੂੰ ਇਰਾਕ ਦੀ ਰਾਜਧਾਨੀ ਬਗਦਾਦ ਦੇ ਹਵਾਈ ਅੱਡੇ ਦੇ ਬਾਹਰ ਸੀਰੀਆ ਤੇ ਲਿਬਨਾਨ ਦਾ ਦੌਰਾ ਕਰਕੇ ਇਰਾਕ ਪਹੁੰਚੇ ਇਰਾਨ ਦੀ ਇਸਲਾਮਕ ਰੈਵੋਲੂਸ਼ਨਰੀ ਗਾਰਡਜ਼ ਦੇ ਨਾਂ ਵਜੋਂ ਜਾਣੀ ਜਾਂਦੀ ਫੌਜ ਦੇ ਚੋਟੀ ਦੇ ਜਰਨੈਲ ਕਾਸਿਮ ਸੁਲੇਮਾਨੀ ਦੇ ਕਾਫ਼ਲੇ ਉੱਪਰ ਅਮਰੀਕਾ ਨੇ ਡਰੋਨ ਹਮਲਾ ਕੀਤਾ ਜਿਸ ਵਿੱਚ ਸੁਲੇਮਾਨੀ ਸਮੇਤ ਕਈ ਲੋਕ ਮਾਰੇ ਗਏ। ਇਸ ਹਮਲੇ ਕਾਰਨ ਮੱਧਪੂਰਬੀ ਖਿੱਤੇ 'ਚ ਸਥਿਤੀ ਬੇਹੱਦ ਤਣਾਓਪੂਰਨ ਹੋ ਗਈ। ਇਰਾਨ ਵਿੱਚ ਅਮਰੀਕਾ ਦੀ ਇਸ ਕਾਰਵਾਈ ਵਿਰੁੱਧ ਵਿਆਪਕ ਗੁੱਸਾ ਫੈਲ ਗਿਆ। ਉਸਦੇ ਨੰਬਰ ਇੱਕ ਹੈਸੀਅਤ ਰੱਖਣ ਵਾਲੇ ਆਗੂ ਆਇਤੁੱਲਾ ਖੁਮੈਨੀ ਨੇ ਅਮਰੀਕਾ-ਇਜਰਾਇਲ ਦੇ ਖਾਤਮੇ ਦਾ ਐਲਾਨ ਕਰਦਿਆਂ ਸੁਲੇਮਾਨੀ ਦੀ ਮੌਤ ਦਾ ਬਦਲਾ ਲੈਣ ਦਾ ਐਲਾਨ ਕੀਤਾ। 7 ਜਨਵਰੀ ਨੂੰ ਇਰਾਨ ਦੀ ਸੰਸਦ ਨੇ ਸਰਬਸੰਮਤੀ ਨਾਲ ਇੱਕ ਬਿੱਲ ਪਾਸ ਕਰਕੇ "ਅਮਰੀਕਾ ਦੀਆਂ ਹਥਿਆਰਬੰਦ ਫੌਜਾਂ ਅਤੇ ਰੱਖਿਆ ਵਿਭਾਗ ਪੈਂਟਾਗਨ ਦੇ ਮੁਲਾਜ਼ਮਾਂ ਨੂੰ ਦਹਿਸ਼ਤਗਰਦ ਐਲਾਨਦਿਆਂ ਇਨ੍ਹਾਂ ਫੌਜਾਂ ਅਤੇ ਮੁਲਾਜ਼ਮਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੱਦਦ ਸਮੇਤ ਫੌਜੀ, ਗੁਪਤਚਰ, ਵਿੱਤੀ, ਤਕਨੀਕੀ, ਸੇਵਾਵਾਂ ਜਾਂ ਸਾਜੋ-ਸਮਾਨ ਆਦਿ ਦੇ ਰੂਪ 'ਚ ਮੱਦਦ ਦੇਣ ਨੂੰ ਦਹਿਸ਼ਤਗਰਦੀ ਨੂੰ ਸਹਿਯੋਗ ਕਰਨ ਦੀ ਕਾਰਵਾਈ ਵਜੋਂ ਵੇਖੇ ਜਾਣ ਅਤੇ ਇਸ ਵਿਰੁੱਧ ਢੁੱਕਵੀਂ ਕਾਰਵਾਈ ਕਰਨ ਦਾ ਐਲਾਨ ਕਰ ਦਿੱਤਾ।" ਅਗਲੇ ਹੀ ਦਿਨ 8 ਜਨਵਰੀ ਨੂੰ "ਉਪਰੇਸ਼ਨ ਸ਼ਹੀਦ ਸੁਲੇਮਾਨ" ਦੇ ਨਾਂ ਹੇਠ ਇਰਾਨ ਨੇ ਇਰਾਕ ਵਿੱਚ ਅਮਰੀਕੀ ਫੌਜ ਦੇ ਅਨ-ਅਲ-ਅਸਦ ਸਮੇਤ 2 ਫੌਜੀ ਟਿਕਾਣਿਆਂ ਨੂੰ 20 ਮਿਜ਼ਾਇਲੀ ਹਮਲੇ ਕਰਕੇ ਨਿਸ਼ਾਨਾ ਬਣਾਇਆ। ਭਾਵੇਂ ਅਮਰੀਕਾ ਦੇ ਬੜਬੋਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫੌਰਨ ਪ੍ਰਤੀਕਿਰਿਆ ਦਿੰਦਿਆਂ ਕੋਈ ਜਾਨੀ-ਮਾਲੀ ਨੁਕਸਾਨ ਨਾ ਹੋਣ ਦਾ ਦਾਅਵਾ ਕੀਤਾ ਪ੍ਰੰਤੂ 29 ਜਨਵਰੀ ਨੂੰ ਅਮਰੀਕਾ ਦੇ ਰੱਖਿਆ ਵਿਭਾਗ ਪੈਂਟਾਗਨ ਦੇ ਬੁਲਾਰੇ ਲੈਫਟੀਨੈਂਟ ਕਰਨਲ ਥਾਮਸ ਕੈਂਪਬੈਲ ਨੇ ਮੰਨਿਆ ਕਿ ਇਰਾਨ ਦੀ ਜਵਾਬੀ ਕਾਰਵਾਈ ਵਿੱਚ 50 ਅਮਰੀਕੀ ਫੌਜੀ ਜਖ਼ਮੀ ਹੋਏ ਹਨ, ਉਨ੍ਹਾਂ ਵਿੱਚੋਂ 18 ਗੰਭੀਰ ਜਖ਼ਮੀਆਂ ਨੂੰ ਅਗਲੇਰੇ ਇਲਾਜ ਲਈ ਜਰਮਨੀ ਵਿਖੇ ਭੇਜਿਆ ਗਿਆ ਹੈ। ਵਰਣਨਯੋਗ ਹੈ ਕਿ ਅਨ-ਅਲ-ਅਸਦ ਫੌਜੀ ਅੱਡੇ 'ਤੇ ਅਮਰੀਕਾ ਦੇ 1500 ਫੌਜੀ ਮੌਜੂਦ ਹਨ।

ਇਨ੍ਹਾਂ ਹਾਲਤਾਂ 'ਚ ਇਰਾਕ ਦੀ ਸੰਸਦ ਨੇ ਅਮਰੀਕਾ ਨੂੰ ਅਪੀਲ ਕੀਤੀ ਹੈ ਕਿ ਉਸਦੀ ਫੌਜ ਇਰਾਕ ਨੂੰ ਛੱਡ ਜਾਵੇ। 24 ਜਨਵਰੀ ਨੂੰ ਹਜ਼ਾਰਾਂ ਇਰਾਕੀਆਂ ਨੇ ਵਿਦੇਸ਼ੀ ਫੌਜਾਂ ਦੇ 5000 ਫੌਜੀਆਂ ਖਾਸ ਕਰਕੇ ਅਮਰੀਕਨ ਫੌਜ ਦੀ ਇਰਾਕ 'ਚ ਮੌਜੂਦਗੀ ਵਿਰੁੱਧ ਰੋਹ-ਭਰਪੂਰ ਮੁਜਾਹਰਾ ਕਰਕੇ ਉਨ੍ਹਾਂ ਨੂੰ ਇਰਾਕ ਵਿੱਚੋਂ ਕੱਢੇ ਜਾਣ ਦੀ ਜੋਰਦਾਰ ਮੰਗ ਕੀਤੀ ਹੈ। ਸਾਊਦੀ ਅਰਬ ਦੇ ਹਾਕਮ ਨੇ ਆਪਣੀ ਪੁਰਾਣੀ ਦਾਅਪੇਚਕ ਨੀਤੀ ਤਹਿਤ ਸੁਲੇਮਾਨੀ ਦੇ ਕਾਫ਼ਲੇ 'ਤੇ ਹਮਲੇ ਦੀ ਸਖਤ ਕਾਰਵਾਈ ਮਗਰੋਂ ਤਣਾਓ ਘਟਾਉਣ ਦੀ ਸਲਾਹ ਦਿੱਤੀ ਹੈ। ਯੂ.ਐਨ. ਨੇ ਅਮਰੀਕਾ ਦੀ ਕਾਰਵਾਈ ਨੂੰ ਅੰਤਰਰਾਸ਼ਟਰੀ ਕਾਨੂੰਨ ਦਾ ਉਲੰਘਣ ਕਰਾਰ ਦਿੱਤਾ ਹੈ। ਯੂਰਪੀ ਯੂਨੀਅਨ ਕਮਿਸ਼ਨ ਦੇ ਪ੍ਰਧਾਨ ਉਰਮੂਲਾ ਵੋਨ ਡੇਰ ਲੇਇਨ ਅਤੇ ਵਿਦੇਸ਼ ਨੀਤੀ ਦੇ ਮੁਖੀ ਜੋਸਪ ਬੋਰਲ ਫੋਨਟੈਲਸ ਨੇ ਅਮਰੀਕਾ ਦੀ ਕਾਰਵਾਈ ਨੂੰ 'ਭੜਕਾਹਟ ਭਰੀ ਕਾਰਵਾਈ' ਅਤੇ ਇਰਾਨ ਦੇ ਮਿਜਾਇਲੀ ਹਮਲੇ ਦੀ ਨਿੰਦਾ ਕਰਦਿਆਂ ਉਮੀਦ ਜਤਾਈ ਹੈ ਕਿ ਇਰਾਨ 2015 'ਚ ਹੋਏ ਬਹੁਧਿਰੀ ਪ੍ਰਮਾਣੂ ਸਮਝੌਤੇ ਦੀਆਂ ਸ਼ਰਤਾਂ ਦਾ ਉਲੰਘਣ ਨਹੀਂ ਕਰੇਗਾ। ਉਨ੍ਹਾਂ ਅਮਰੀਕਾ ਨੂੰ ਵੀ ਚਿਤਾਇਆ ਹੈ ਕਿ ਉਸ ਵੱਲੋਂ ਇੱਕ ਪਾਸੜ ਤੌਰ 'ਤੇ ਲਾਈਆਂ ਆਰਥਿਕ ਬੰਦਸ਼ਾਂ ਬਾਰੇ ਯੂਰਪੀ-ਯੂਨੀਅਨ ਵੱਖਰਾ ਰੁਖ਼ ਲੈਣ ਲਈ ਮਜਬੂਰ ਹੋ ਸਕਦੀ ਹੈ। ਜਿਕਰਯੋਗ ਹੈ ਕਿ 2015 'ਚ ਇਰਾਨ ਦੇ ਪ੍ਰਮਾਣੂ-ਪ੍ਰੋਗਰਾਮ ਨੂੰ ਲੈ ਕੇ ਅਮਰੀਕਾ, ਰੂਸ, ਚੀਨ, ਬਰਤਾਨੀਆ, ਫਰਾਂਸ, ਜਰਮਨੀ ਅਤੇ ਯੂਰਪੀ ਯੂਨੀਅਨ ਦੇ ਨਾਲ ਇਰਾਨ ਦਾ ਇੱਕ ਸਮਝੌਤਾ ਹੋਇਆ ਸੀ ਜਿਸ ਵਿੱਚ ਇਰਾਨ ਆਪਣੇ ਪ੍ਰਮਾਣੂ-ਪ੍ਰੋਗਰਾਮ ਨੂੰ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੀ ਨਿਗਰਾਨੀ ਅਧੀਨ ਲਿਆਉਣ ਲਈ ਸਹਿਮਤ ਹੋਇਆ ਸੀ। ਬਦਲੇ ਵਿੱਚ ਉਸ ਉੱਪਰ ਅਮਰੀਕਾ ਵੱਲੋਂ 1995 'ਚ ਲਗਾਈਆਂ ਗਈਆਂ ਆਰਥਿਕ ਬੰਦਸ਼ਾਂ ਨੂੰ ਖਤਮ ਕਰ ਦਿੱਤਾ ਗਿਆ ਸੀ।

ਬਰਾਕ ਓਬਾਮਾ ਦੇ ਸੱਤਾ ਤੋਂ ਲਾਂਭੇ ਹੋਣ ਅਤੇ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਮਗਰੋਂ ਅਮਰੀਕਾ 2018 'ਚ ਇੱਕ ਤਰਫਾ ਤੌਰ 'ਤੇ ਇਸ ਸਮਝੌਤੇ ਵਿੱਚੋਂ ਬਾਹਰ ਹੋ ਗਿਆ ਸੀ। ਉਸਨੇ ਮੁੜ ਇਰਾਨ 'ਤੇ ਆਰਥਿਕ ਪਾਬੰਦੀਆਂ ਆਇਦ ਕਰਦਿਆਂ ਤੇਲ ਕਾਰੋਬਾਰ ਸਮੇਤ ਹੋਰ ਵਪਾਰਕ ਕੰਪਨੀਆਂ ਨੂੰ ਬਲੈਕ ਲਿਸਟ ਕਰਦਿਆਂ ਇਰਾਨ ਨਾਲ ਵਪਾਰ ਕਰਨ 'ਤੇ ਪਾਬੰਦੀਆਂ ਮੜ੍ਹ ਦਿੱਤੀਆਂ ਸਨ। ਅਮਰੀਕਾ ਨਾਲ ਆਪਣੇ ਸਬੰਧਾਂ ਦੇ ਚਲਦਿਆਂ ਕਈ ਦੇਸ਼ਾਂ ਅਤੇ ਕੰਪਨੀਆਂ ਨੇ ਉਸਦੇ ਦਬਾਓ ਥੱਲੇ ਇਰਾਨ ਤੋਂ ਤੇਲ ਦੀ ਖਰੀਦ ਅਤੇ ਹੋਰ ਵਪਾਰਕ ਲੈਣ-ਦੇਣ ਕਰਨ ਤੋਂ ਹੱਥ ਪਿਛਾਂਹ ਖਿੱਚ ਲਏ ਸਨ, ਜਿਸ ਕਾਰਨ ਇਰਾਨ ਦੀ ਆਰਥਿਕਤਾ ਬੁਰੇ ਰੁਖ਼ ਪ੍ਰਭਾਵਿਤ ਹੋਈ ਹੈ।

ਅਮਰੀਕਾ ਦੇ ਡਰੋਨ ਹਮਲੇ ਅਤੇ ਇਰਾਨ ਦੀ ਜਵਾਬੀ ਕਾਰਵਾਈ ਤੋਂ ਪਹਿਲਾਂ ਦੀਆਂ ਘਟਨਾਵਾਂ ਨੇ ਤਣਾਓ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਅਪ੍ਰੈਲ 2019 ਦੌਰਾਨ ਅਮਰੀਕਨ ਸਰਕਾਰ ਨੇ ਇਰਾਨ ਦੀ ਅਧਿਕਾਰਤ ਫੌਜ 'ਰੈਵੋਲੂਸ਼ਨਰੀ ਗਾਰਡਜ਼' ਨੂੰ ਦਹਿਸ਼ਤਗਰਦ ਜੱਥੇਬੰਦੀ ਗਰਦਾਨ ਦਿੱਤਾ ਸੀ। ਉਦੋਂ ਤੋਂ ਦੋਵਾਂ ਦੇਸ਼ਾਂ ਦਰਮਿਆਨ ਕਸ਼ੀਦਗੀ ਲਗਾਤਾਰ ਵਧ ਰਹੀ ਹੈ। ਦਸੰਬਰ ਦੇ ਅਖੀਰਲੇ ਹਫਤੇ ਦੌਰਾਨ 27 ਦਸੰਬਰ ਨੂੰ ਇਰਾਕ 'ਚ ਇੱਕ ਅਮਰੀਕੀ ਠੇਕੇਦਾਰ ਦੀ ਹੱਤਿਆ ਅਤੇ ਦੋ ਦਿਨ ਮਗਰੋਂ ਅਮਰੀਕਾ ਵੱਲੋਂ ਬਦਲੇ ਦੀ ਕਾਰਵਾਈ ਵਜੋਂ ਕੋਟਾਬ-ਹਿੱਜਬੁੱਲਾ ਦੇ ਕੈਂਪ ਉੱਪਰ ਹਵਾਈ ਹਮਲੇ ਕੀਤੇ ਗਏ ਜਿਸ ਵਿੱਚ 25 ਦੇ ਕਰੀਬ ਹਿੱਜਬੁੱਲਾ ਕਾਰਕੁੰਨਾਂ ਅਤੇ ਆਗੂਆਂ ਦੀ ਮੌਤ ਹੋ ਗਈ ਸੀ। ਇਸ ਹਮਲੇ ਨੇ ਇਰਾਕ ਦੇ ਬਹੁਗਿਣਤੀ ਸ਼ੀਆ ਫਿਰਕੇ ਨੂੰ ਗੁੱਸੇ ਨਾਲ ਭਰ ਦਿੱਤਾ। ਉਨ੍ਹਾਂ ਵੱਲੋਂ ਬਗਦਾਦ ਦੇ ਭਾਰੀ ਸੁਰੱਖਿਆ ਵਾਲੇ ਗਰੀਨ ਜੋਨ ਖੇਤਰ ਵਿੱਚ ਸਥਿਤ ਅਮਰੀਕੀ ਦੂਤਾਵਾਸ ਨੂੰ ਘੇਰ ਕੇ ਉਸਦੇ ਇੱਕ ਹਿੱਸੇ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਅਮਰੀਕਾ ਨੇ ਇਸ ਕਾਰਵਾਈ ਨੂੰ ਇਰਾਨ ਵੱਲੋਂ ਉਕਸਾ ਕੇ ਕਰਵਾਈ ਗਈ ਕਾਰਵਾਈ ਗਰਦਾਨਦਿਆਂ ਜਵਾਬੀ ਕਾਰਵਾਈ ਦਾ ਐਲਾਨ ਕੀਤਾ ਸੀ। ਮੇਜਰ ਜਨਰਲ ਕਾਸਿਮ ਸੁਲੇਮਾਨੀ ਦੇ ਕਾਫਲੇ 'ਤੇ ਡਰੋਨ ਹਮਲਾ ਇਸੇ ਜਵਾਬੀ ਕਾਰਵਾਈ ਦਾ ਹਿੱਸਾ ਸੀ।

ਘਟਨਾਵਾਂ ਦਾ ਵਹਿਣ ਸਾਬਤ ਕਰਦਾ ਹੈ ਕਿ ਮੱਧਪੂਰਬੀ ਖਿੱਤੇ 'ਚ ਮੁੜ ਕੇ ਤਣਾਓ ਵਧ ਜਾਣ ਦੇ ਪਿੱਛੇ ਸਾਮਰਾਜੀ ਤਾਕਤਾਂ ਅਤੇ ਉਨ੍ਹਾਂ ਦੇ ਖੇਤਰੀ ਸਹਿਯੋਗੀਆਂ ਵਿਚਕਾਰ ਵਧ ਰਹੀਆਂ ਵਿਰੋਧਤਾਈਆਂ ਜਿੰਮੇਵਾਰ ਹਨ। ਇਨ੍ਹਾਂ ਵਿਰੋਧਤਾਈਆਂ ਤੋਂ ਇਲਾਵਾ ਸ਼ੀਆ-ਸੁੰਨੀ ਫਿਰਕਿਆਂ ਵਿਚਕਾਰਲੇ ਅੰਤਰ-ਵਿਰੋਧਾਂ ਦੇ ਨਾਲ-ਨਾਲ ਅਮਰੀਕਾ ਅੰਦਰ ਟਰੰਪ ਨੂੰ ਦਰਪੇਸ਼ ਸਿਆਸੀ ਚੁਣੌਤੀਆਂ ਵੀ ਅਮਰੀਕਾ-ਇਰਾਨ ਤਣਾਓ ਵਧਾਉਣ ਲਈ ਜਿੰਮੇਵਾਰ ਹਨ। ਜਿਸ ਦੀ ਇਰਾਕ ਦੇ ਲੋਕ ਭਾਰੀ ਕੀਮਤ ਚੁਕਾ ਰਹੇ ਹਨ। ਆਓ ਵਿਚਾਰ ਕਰੀਏ —

ਮੱਧ-ਪੂਰਬ 'ਚ ਅਮਰੀਕਾ ਤੇ ਉਸਦੇ ਸਹਿਯੋਗੀ ਇਜਰਾਇਲ, ਸਾਊਦੀ ਅਰਬ ਨੂੰ ਇਰਾਨ, ਚੀਨ ਅਤੇ ਰੂਸ ਤੋਂ ਚੁਣੌਤੀ ਮਿਲ ਰਹੀ ਹੈ। ਅਮਰੀਕਾ ਦੇ ਪੁਰਾਣੇ ਸਹਿਯੋਗੀ ਤੁਰਕੀ ਵੱਲੋਂ ਸੀਰੀਆ 'ਚ ਅਸਾਦ ਸਰਕਾਰ ਖ਼ਿਲਾਫ਼ ਜੰਗ ਵਿੱਚ ਅਤੇ ਇਸਲਾਮਿਕ ਸਟੇਟ ਨਾਲ ਲੜ ਰਹੇ ਕੁਰਦ ਲੜਾਕਿਆਂ ਪ੍ਰਤੀ ਅਮਰੀਕਾ ਵੱਲੋਂ ਧਾਰਨ ਕੀਤੀ ਗਈ ਨੀਤੀ ਤੋਂ ਮਾਯੂਸ ਹੋ ਕੇ ਰੂਸ-ਚੀਨ ਕੈਂਪ ਨਾਲ ਨੇੜਤਾ ਵਧਾਉਣ ਅਤੇ ਕਤਰ ਵੱਲੋਂ ਅਮਰੀਕਾ ਦੀ ਲਾਈਨ ਤੋਂ ਵੱਖਰੀ ਪੁਜੀਸ਼ਨ ਲੈਣ ਕਾਰਨ ਅਮਰੀਕਨ ਸਾਮਰਾਜੀ ਕੈਂਪ ਵਿੱਚ ਦਰਾਰ ਸਪੱਸ਼ਟ ਨਜ਼ਰ ਆ ਰਹੀ ਹੈ। ਇਰਾਨ ਵਿਰੁੱਧ 'ਵੱਧ ਤੋਂ ਵੱਧ ਦਬਾਓ' ਪਾਉਣ ਦੀ ਨੀਤੀ 'ਤੇ ਚੱਲਦਿਆਂ ਟਰੰਪ ਵੱਲੋਂ ਲਗਾਈਆਂ ਗਈਆਂ ਆਰਥਿਕ ਬੰਦਸ਼ਾਂ ਦੇ ਬਾਵਜੂਦ ਯੂਰਪੀ ਯੂਨੀਅਨ, ਰੂਸ ਅਤੇ ਚੀਨ ਵੱਲੋਂ ਇਰਾਨ ਤੋਂ ਤੇਲ ਖਰੀਦਣ ਦੇ ਚੁੱਕੇ ਗਏ ਬਦਲਵੇਂ ਕਦਮਾਂ ਕਾਰਨ ਟਰੰਪ ਦੀ ਨੀਤੀ ਮੁਕੰਮਲ ਰੂਪ 'ਚ ਸਫ਼ਲਤਾ ਹਾਸਲ ਕਰਨ ਵਿੱਚ ਫੇਲ ਸਾਬਤ ਹੋਈ ਹੈ। ਹੁਣ ਉਸ ਵੱਲੋਂ ਜਵਾਬੀ ਕਾਰਵਾਈਆਂ ਵਜੋਂ ਲਗਾਤਾਰ ਫੌਜੀ ਕਾਰਵਾਈਆਂ ਤੇ ਨਿਰਭਰਤਾ ਟਰੰਪ ਦੀ ਆਰਥਿਕ ਮੁਹਾਜ਼ 'ਤੇ ਵੱਧ ਤੋਂ ਵੱਧ ਦਬਾਓ ਪਾਉਣ ਦੀ ਨੀਤੀ ਦੀ ਜਿੱਥੇ ਅਸਫ਼ਲਤਾ ਦੀ ਪੁਸ਼ਟੀ ਕਰ ਰਹੀਆਂ ਹਨ ਉੱਥੇ ਇਸ ਅਸਫ਼ਲਤਾ ਨੂੰ ਸਮਝਦਿਆਂ ਮੱਧਪੂਰਬੀ ਖਿੱਤੇ 'ਚ ਇਲਾਕਾਈ ਚੌਧਰ ਲਈ ਇਰਾਨ ਨਾਲ ਮੜਿੱਕ ਰਿਹਾ ਸਾਊਦੀ ਅਰਬ ਵੀ ਆਪਣੇ ਲਈ ਵਧਦਾ ਖਤਰਾ ਮਹਿਸੂਸ ਕਰ ਰਿਹਾ ਹੈ। ਬੀਤੇ ਸਮੇਂ 'ਚ ਉਸਦੇ ਤੇਲ-ਟਿਕਾਣਿਆਂ 'ਤੇ ਹਮਲਿਆਂ ਮਗਰੋਂ ਟਰੰਪ ਪ੍ਰਸ਼ਾਸ਼ਨ ਵੱਲੋਂ ਇਰਾਨ ਵਿਰੁੱਧ ਫੈਸਲਾਕੁੰਨ ਕਾਰਵਾਈ ਕਰਨ ਤੋਂ ਹਿਚਕਚਾਹਟ ਕਾਰਨ ਉਹ ਇਰਾਕ ਸਰਕਾਰ ਰਾਹੀਂ ਅੰਦਰਖਾਤੇ ਇਰਾਨ ਸਰਕਾਰ ਨਾਲ ਤਣਾਓ ਘਟਾਉਣ ਲਈ ਅਸਿੱਧੀ ਗੱਲਬਾਤ ਚਲਾ ਰਿਹਾ ਹੈ। ਸਪੱਸ਼ਟ ਹੈ ਕਿ ਮੱਧ-ਪੂਰਬ 'ਚ ਅਮਰੀਕੀ ਚੌਧਰ ਦਾ ਪ੍ਰਭਾਵ ਲਗਾਤਾਰ ਖੁਰ ਰਿਹਾ ਹੈ।

ਦੂਸਰੇ ਪਾਸੇ ਰੂਸ ਅਤੇ ਚੀਨ ਦੇ ਸਹਿਯੋਗ ਨਾਲ ਇਰਾਨ ਮੱਧ-ਪੂਰਬ 'ਚ ਆਪਣਾ ਪ੍ਰਭਾਵ ਵਧਾ ਰਿਹਾ ਹੈ। ਇਸ ਪ੍ਰਭਾਵ ਨੂੰ ਵਧਾਉਣ 'ਚ ਜਰਨੈਲ ਕਾਸਿਮ ਸੁਲੇਮਾਨੀ ਨੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ। ਸੀਰੀਆ 'ਚ ਅਸਾਦ ਸਰਕਾਰ ਨੂੰ ਆਈ.ਐਸ. (ਇਸਲਾਮਿਕ ਸਟੇਟ) ਅਤੇ ਅਮਰੀਕੀ ਕੈਂਪ ਦੀ ਤਾਕਤ ਨਾਲ ਲੜਨ 'ਚ ਇਰਾਨੀ ਸਹਿਯੋਗ, ਲਿਬਨਾਨ 'ਚ ਸ਼ੀਆ ਲੜਾਕਿਆਂ ਦੀ ਜੱਥੇਬੰਦੀ ਹਿੱਜਬੁੱਲਾ ਨਾਲ ਇਰਾਨ ਦੇ ਯੁੱਧਨੀਤਕ ਸਬੰਧ ਮਜਬੂਤ ਕਰਨ ਵਿੱਚ ਸੁਲੇਮਾਨੀ ਨੇ ਵਿਸ਼ੇਸ਼ ਭੂਮਿਕਾ ਨਿਭਾਈ ਸੀ। ਇਰਾਕ ਵਿੱਚ ਸੱਦਾਮ-ਹੁਸੈਨ ਮਗਰੋਂ ਸੱਤਾਰੂੜ ਅਮਰੀਕੀ ਕਠਪੁਤਲੀ ਸਰਕਾਰ ਇਰਾਕ ਦੀ ਸ਼ੀਆ ਬਹੁਗਿਣਤੀ ਦੇ ਆਗੂਆਂ ਦੀ ਸਰਕਾਰ ਸੀ। ਆਈ.ਐਸ. ਵੱਲੋਂ ਮੱਧਪੂਰਬ 'ਚ ਅੱਗੇ ਵਧਣ ਕਾਰਨ ਇਰਾਕ 'ਚ ਉਸ ਨਾਲ ਲੜਨ ਲਈ ਪਾਪੂਲਰ ਮੋਬਲਾਈਜੇਸ਼ਨ ਦੇ ਨਾਂ ਹੇਠ ਸ਼ੀਆ ਲੜਾਕਿਆਂ ਦਾ ਦਸਤਾ ਖੜਾ ਕਰਨ ਵਿੱਚ ਜਨਰਲ ਸੁਲੇਮਾਨੀ ਨੇ ਇਰਾਕ ਦੀ ਸ਼ੀਆ ਹਕੂਮਤ ਦੀ ਨਿਰਣਾਇਕ ਮੱਦਦ ਕੀਤੀ। ਮਗਰੋਂ ਇਨ੍ਹਾਂ ਲੜਾਕਿਆਂ ਨੂੰ ਇਰਾਕ ਦੀ ਫੌਜ ਦਾ ਹਿੱਸਾ ਬਣਾ ਲਿਆ ਗਿਆ। ਇਸ ਅਮਲ ਨੂੰ ਇਰਾਨ ਦੀ ਸ਼ੀਆ ਹਕੂਮਤ ਨੇ ਇਰਾਕ ਦੀ ਸੱਤਾ ਦੇ ਗਲਿਆਰਿਆਂ ਵਿੱਚ ਆਪਣਾ ਪ੍ਰਭਾਵ ਪੁਖਤਾ ਕਰਨ ਲਈ ਵਰਤਿਆ। ਅਮਰੀਕਨ ਸਾਮਰਾਜ ਨੇ ਆਈ.ਐਸ. ਨਾਲ ਲੜਾਈ ਦੌਰਾਨ ਭਾਵੇਂ ਇਰਾਨ-ਇਰਾਕ ਹਕੂਮਤੀ ਨੇੜਤਾ 'ਤੇ ਕੋਈ ਉਜਰ ਨਹੀਂ ਕੀਤਾ ਪ੍ਰੰਤੂ ਇਸ ਨੇੜਤਾ ਨੂੰ ਆਪਣੇ

ਹਿੱਤਾਂ ਲਈ ਖਤਰਾ ਮਹਿਸੂਸ ਕਰਦਿਆਂ ਇੱਕ ਹੱਦ ਤੋਂ ਅੱਗੇ ਵੀ ਨਹੀਂ ਵਧਣ ਦੇਣਾ ਚਾਹੁੰਦਾ। ਇਸੇ ਨੀਤੀ ਦੇ ਚਲਦਿਆਂ ਉਸ ਨੇ ਅਮਰੀਕਾ-ਇਰਾਨ ਵਿਚਕਾਰ ਜੰਗ ਨਾ ਲੱਗੀ ਹੋਣ ਦੇ ਬਾਵਜੂਦ ਅੰਤਰਰਾਸ਼ਟਰੀ ਕਾਨੂੰਨਾਂ ਨੂੰ ਦਰਕਿਨਾਰ ਕਰਕੇ ਜਨਰਲ ਸੁਲੇਮਾਨੀ ਅਤੇ ਪਾਪੂਲਰ ਮੋਬਲਾਈਜੇਸ਼ਨ ਦੇ ਨੰਬਰ ਦੋ ਆਗੂ ਅਬੂ-ਮਾਹਦੀ-ਅਲ-ਮੁਹਾਦਿਸ਼ ਨੂੰ ਨਿਸ਼ਾਨਾ ਬਣਾ ਕੇ ਕਤਲ ਕੀਤਾ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਰਾਨੀ ਹਕੂਮਤ ਸੁਲੇਮਾਨੀ ਦੀ ਇਰਾਕ 'ਚ ਕੀਤੀ ਹੱਤਿਆ ਨੂੰ ਉਥੋਂ ਦੇ ਸ਼ੀਆ ਫਿਰਕੇ 'ਚ ਆਪਣੇ ਪ੍ਰਭਾਵ ਨੂੰ ਹੋਰ ਪੁਖਤਾ ਕਰਨ ਲਈ ਵਰਤੇਗੀ। ਇਸ ਪ੍ਰਭਾਵ ਦੇ ਪੁਖਤਾ ਹੋਣ ਦਾ ਸਿੱਧਾ ਜਿਹਾ ਅਰਥ ਇਰਾਨ ਦੇ ਨਾਲ-ਨਾਲ ਰੂਸ ਤੇ ਚੀਨ ਦੀ ਭੂਮਿਕਾ ਦਾ ਮੱਧ-ਪੂਰਬ 'ਚ ਹੋਰ ਵਿਸਥਾਰ ਹੋਣ ਦੇ ਰੂਪ ਵਿੱਚ ਸਾਹਮਣੇ ਆਵੇਗਾ।

ਡੋਨਾਲਡ ਟਰੰਪ ਦੀਆਂ ਇਨ੍ਹਾਂ ਫੌਜੀ ਕਾਰਵਾਈਆਂ ਨੂੰ ਅਮਰੀਕਾ ਅੰਦਰ ਉਸਨੂੰ ਦਰਪੇਸ਼ ਸਿਆਸੀ ਚੁਣੌਤੀਆਂ ਦੇ ਸੰਦਰਭ ਵਿੱਚ ਵੀ ਦੇਖਣਾ ਹੋਵੇਗਾ। ਅਮਰੀਕੀ ਕਾਂਗਰਸ ਵਿੱਚ ਉਸ ਵਿਰੁੱਧ 'ਮਹਾਂਦੋਸ਼' ਦੀ ਕਾਰਵਾਈ ਦਾ ਅਮਲ ਚੱਲ ਰਿਹਾ ਹੈ। ਵਪਾਰਕ-ਜੰਗ ਦੇ ਚੱਲਦਿਆਂ ਆਰਥਿਕ ਮੁਹਾਜ 'ਤੇ ਆਰਥਿਕਤਾ ਨੂੰ ਸੰਕਟ ਦਰਪੇਸ਼ ਹੈ। ਅਮਰੀਕਾ ਦੀ ਸੰਸਾਰ ਚੌਧਰੀ ਦੀ ਹੈਸੀਅਤ ਦਾ ਲਗਾਤਾਰ ਪਤਨ ਹੋ ਰਿਹਾ ਹੈ। ਟਰੰਪ ਦੀ ਹਰਮਨਪਿਆਰਤਾ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ ਨੂੰ ਛੂਹ ਚੁੱਕੀ ਹੈ। ਉਪਰੋਂ ਆਉਣ ਵਾਲੇ ਸਮੇਂ 'ਚ ਅਮਰੀਕਾ 'ਚ ਰਾਸ਼ਟਰਪਤੀ ਦੀ ਚੋਣ ਹੋਣੀ ਹੈ। ਇਨ੍ਹਾਂ ਚੁਣੌਤੀਆਂ ਦੇ ਸਨਮੁੱਖ ਡੋਨਾਲਡ ਟਰੰਪ ਵੱਲੋਂ ਰੱਖਿਆ ਵਿਭਾਗ ਪੈਂਟਾਗਨ ਦੀ ਸਲਾਹ ਦੇ ਉਲਟ ਜਾ ਕੇ ਜਨਰਲ ਸੁਲੇਮਾਨੀ ਨੂੰ ਨਿਸ਼ਾਨਾ ਬਣਾਉਣ ਦੀ ਜੋਖ਼ਮ ਭਰਪੂਰ ਕਾਤਲਾਨਾ ਕਾਰਵਾਈ ਨੂੰ ਅੰਜਾਮ ਦੇ ਕੇ ਉਹ ਸੰਸਾਰ 'ਚ ਅਮਰੀਕਨ ਹਿੱਤਾਂ ਦੇ ਸਭ ਤੋਂ ਤਾਕਤਵਰ ਰਖਵਾਲੇ ਵਜੋਂ ਆਪਣੀ ਭੱਲ ਬਣਾ ਕੇ ਅਮਰੀਕਨ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਕਰ ਰਿਹਾ ਹੈ। ਅੰਨ੍ਹੇ-ਰਾਸ਼ਟਰਵਾਦ ਦੇ ਤੜਕੇ ਵਾਲੀ ਇਸ 'ਹਊਮੈਵਾਦੀ' ਨੀਤੀ ਨਾਲ ਟਰੰਪ ਆਪਣੇ ਸਨਮੁੱਖ ਦਰਪੇਸ਼ ਸਿਆਸੀ ਚੁਣੌਤੀ ਤੋਂ ਪਾਰ ਪਾ ਸਕੇਗਾ ਜਾਂ ਨਹੀਂ ਇਹ ਤਾਂ ਭਵਿੱਖ ਵਿੱਚ ਸਾਹਮਣੇ ਆਵੇਗਾ ਪ੍ਰੰਤੂ ਉਸਦੀ ਇਸ ਨੀਤੀ ਕਾਰਨ ਮੱਧਪੂਰਬ ਦੀ ਸ਼ਾਂਤੀ ਨੂੰ ਇੱਕ ਵਾਰ ਤਾਂ ਗੰਭੀਰ ਖਤਰਾ ਖੜਾ ਹੋ ਗਿਆ ਹੈ।

ਇਸ ਤਣਾਓਪੂਰਨ ਸਥਿਤੀ 'ਚ ਸਭ ਤੋਂ ਵੱਧ ਇਰਾਕ ਤੇ ਮੱਧ-ਪੂਰਬ ਦੇ ਲੋਕ ਪਿਸ ਰਹੇ ਹਨ। ਇਰਾਕ ਦੀ ਧਰਤੀ ਇੱਕ ਵਾਰ ਫਿਰ ਸਾਮਰਾਜੀ ਤਾਕਤਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀਆਂ ਚਾਲਾਂ ਕਾਰਨ ਲਹੂ-ਲੁਹਾਣ ਹੋ ਰਹੀ ਹੈ। ਅਮਰੀਕਾ ਤੇ ਇਰਾਨ ਵੱਲੋਂ ਇਰਾਕ 'ਚ ਵਧਾਈ ਜਾ ਰਹੀ ਦਖਲਅੰਦਾਜੀ ਦਾ ਵਸੋਂ ਦੇ ਇੱਕ ਵੱਡੇ ਹਿੱਸੇ 'ਚ ਵਿਰੋਧ ਹੈ। ਉਹ ਦੇਸ਼ ਦੇ ਲੁਟੇਰੇ ਕਠਪੁਤਲੀ ਹੁਕਮਰਾਨਾਂ ਦੀਆਂ ਭ੍ਰਿਸ਼ਟ ਤੇ ਤੰਗਨਜ਼ਰ ਵਾਲੀਆਂ ਨੀਤੀਆਂ ਅਤੇ ਵਿਦੇਸ਼ੀ ਫੌਜ ਦੀ ਮੌਜੂਦਗੀ ਤੋਂ ਅੱਕਿਆ ਪਿਆ ਸੰਘਰਸ਼ ਦੇ ਰਾਹ ਪੈ ਰਿਹਾ ਹੈ। ਅਮਰੀਕਾ ਅਤੇ ਇਰਾਨ ਇਨ੍ਹਾਂ ਸੰਘਰਸ਼ਾਂ ਨੂੰ ਸ਼ੀਆ-ਸੁੰਨੀ ਤੰਗਨਜ਼ਰੀ ਤਹਿਤ ਗੁੰਮਰਾਹ ਕਰਕੇ ਭਟਕਾਉਣ ਦੇ ਯਤਨ ਕਰ ਰਹੇ ਹਨ। ਲੋਕ ਸੰਘਰਸ਼ 'ਚ ਉਭਰ ਰਹੇ ਆਗੂਆਂ ਨੂੰ ਅਣਪਛਾਤੇ ਹਮਲਾਵਰਾਂ ਵੱਲੋਂ ਕਤਲ ਕੀਤਾ ਜਾ ਰਿਹਾ ਹੈ।

ਹਾਲਾਂਕਿ ਅਮਰੀਕਾ ਦੀ ਦਿਓਕੱਦ ਫੌਜੀ ਸ਼ਕਤੀ ਸਾਹਮਣੇ ਇਰਾਨ ਦੀ ਫੌਜੀ ਹਸਤੀ ਬਹੁਤ ਛੋਟੀ ਹੈ ਫਿਰ ਵੀ ਟਰੰਪ ਨੇ ਸਵਿਟਜਰਲੈਂਡ ਦੇ ਦੂਤ ਰਾਹੀਂ ਡਰੋਨ ਹਮਲੇ ਦੀ ਕਾਰਵਾਈ ਮਗਰੋਂ ਅਨੁਪਾਤਕ ਜਵਾਬ (Proportional Response) ਦੇਣ ਦਾ ਇਰਾਨ ਨੂੰ ਸੁਨੇਹਾ ਘੱਲਣ ਅਤੇ ਇਰਾਨ ਦੇ ਵਿਦੇਸ਼-ਮੰਤਰੀ ਦਾ ਮਿਜਾਇਲੀ ਹਮਲਿਆਂ ਦੀ ਜਵਾਬੀ ਕਾਰਵਾਈ ਦੇ 'ਮੁਕੰਮਲ' ਹੋ ਜਾਣ ਦਾ ਟਵੀਟ ਆਉਣ ਮਗਰੋਂ ਭਾਵੇਂ ਕੁੱਝ ਮਾਹਰ ਇੱਕ ਵਾਰ ਤਾਂ ਜੰਗ ਦੀਆਂ ਸੰਭਾਵਨਾਵਾਂ ਟਲ ਜਾਣ ਦੀਆਂ ਪੇਸ਼ੀਨਗੋਈਆਂ ਕਰ ਰਹੇ ਹਨ ਪਰ ਖਿੱਤੇ ਦੀ ਸ਼ਾਂਤੀ ਲਈ ਗੰਭੀਰ ਖਤਰਾ ਹਾਲੇ ਟਲਿਆ ਨਹੀਂ ਹੈ।

## ਸਹਾਇਤਾ

1. ਕਰਨੈਲ ਸਿੰਘ ਉੜਾਪੜ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਨੇ ਆਪਣੇ ਬੇਟੇ ਮਨਦੀਪ ਸਿੰਘ ਦੇ ਵਿਆਹ ਮੌਕੇ 5100 ਰੁਪਏ ਜਨਤਕ ਕਾਰਜਾਂ ਲਈ ਦਿੱਤੇ। ਅਦਾਰਾ ਇਨ. ਸਾਡਾ ਰਾਹ ਪਰਿਵਾਰ ਦਾ ਧੰਨਵਾਦੀ ਹੈ।

2. ਮਾ. ਜਸਵੀਰ ਸਿੰਘ ਮੰਗੂਵਾਲ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਨੇ ਆਪਣੇ ਬੇਟੇ ਜਸਜੀਤ ਸਿੰਘ ਦੇ ਵਿਆਹ ਮੌਕੇ ਅਦਾਰਾ ਇਨ. ਸਾਡਾ ਰਾਹ ਨੂੰ 1100 ਰੁ. ਸਹਾਇਤਾ ਭੇਜੀ। ਅਦਾਰਾ ਇਨ. ਸਾਡਾ ਰਾਹ ਪਰਿਵਾਰ ਦਾ ਧੰਨਵਾਦੀ ਹੈ।

3. ਮਾ. ਹਰਭਜਨ ਸਿੰਘ ਰਾਗੀ (ਅਮਰੀਕਾ ਵਾਲੇ) ਵਾਸੀ ਉੜਾਪੜ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਨੇ ਅਦਾਰਾ ਇਨਕਲਾਬੀ ਸਾਡਾ ਰਾਹ ਨੂੰ 10000 ਰੁ. ਸਹਾਇਤਾ ਭੇਜੀ ਹੈ। ਅਦਾਰਾ ਸਾਥੀ ਦਾ ਤਹਿ ਦਿਲੋਂ ਧੰਨਵਾਦੀ ਹੈ।

4. ਹਰਮੀਤ (ਕਨੇਡਾ ਵਾਲੇ) ਵੱਲੋਂ ਆਪਣੇ ਭਤੀਜਿਆਂ ਏਕਮਜੀਤ ਅਤੇ ਦਮਨਜੀਤ ਦੀ ਲੋਹੜੀ ਦੀ ਖੁਸ਼ੀ ਵਿੱਚ ਜਨਤਕ ਕਾਰਜਾਂ ਲਈ 3100 ਅਤੇ ਅਦਾਰਾ ਇਨਕਲਾਬੀ ਸਾਡਾ ਰਾਹ ਲਈ 2000 ਰੁ. ਸਹਾਇਤਾ ਭੇਜੀ ਹੈ। ਅਦਾਰਾ ਸਹਾਇਤਾ ਲਈ ਧੰਨਵਾਦੀ ਹੈ।

# ਵਿਦਿਆਰਥੀ ਅੰਦੋਲਨ ਬਨਾਮ ਫਾਸ਼ੀਵਾਦ

ਭਾਰਤ ਉਹ ਮੁਲਕ ਹੈ ਜਿੱਥੇ ਵਿਦਿਆਰਥੀ ਅੰਦੋਲਨਾਂ ਦਾ ਲੰਮਾ ਇਤਿਹਾਸ ਰਿਹਾ ਹੈ। ਮੌਜੂਦਾ ਸਮੇਂ ਵਿੱਚ ਵੀ ਵਿਦਿਆਰਥੀ ਅੰਦੋਲਨ ਦੇਸ਼ ਦੇ ਹਾਕਮਾਂ ਨੂੰ ਤਰੇਲੀਆਂ ਲਿਆ ਰਹੇ ਹਨ। ਭਾਰਤ ਵਿੱਚ ਵਿਦਿਆਰਥੀ ਅੰਦੋਲਨਾਂ ਦਾ ਇਤਿਹਾਸ ਬਹੁਤ ਸਾਲ ਪੁਰਾਣਾ ਹੈ। ਅਣਵੰਡੇ ਭਾਰਤ ਵਿੱਚ ਪਹਿਲੀ ਵਿਦਿਆਰਥੀ ਹੜਤਾਲ 1920 ਵਿੱਚ ਕਿੰਗ ਐਡਵਰਡ ਮੈਡੀਕਲ ਕਾਲਜ ਲਾਹੌਰ ਵਿੱਚ ਅੰਗਰੇਜ਼ਾਂ ਵੱਲੋਂ ਭਾਰਤੀਆਂ ਨਾਲ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਵਿਤਕਰੇ ਖਿਲਾਫ਼ ਹੋਈ ਸੀ। ਇਸ ਤੋਂ ਬਾਅਦ ਲਗਾਤਾਰ ਵਿਦਿਆਰਥੀ ਅੰਦੋਲਨ ਇਸ ਧਰਤੀ ਉੱਪਰ ਭਖਦੇ ਰਹੇ ਹਨ। ਪਰ ਇਹਨਾਂ ਵਿਦਿਆਰਥੀ ਅੰਦੋਲਨਾਂ ਦਾ ਇੱਕ ਸਾਂਝਾ ਲੱਛਣ ਇਹ ਹੈ ਜੋ ਕਿ ਅਸੀਂ ਅੱਗੇ ਜਾ ਕੇ ਵਿਸਥਾਰ 'ਚ ਵਿਚਾਰਾਂਗੇ ਕਿ ਇਹ ਵਿਦਿਆਰਥੀ ਅੰਦੋਲਨ ਆਰਥਿਕ ਮਸਲਿਆਂ ਉੱਪਰ ਨਹੀਂ ਬਲਕਿ ਸਿਆਸੀ ਮਸਲਿਆਂ ਉੱਪਰ ਜਿਆਦਾ ਉੱਭਰੇ ਹਨ। ਮੌਜੂਦਾ ਸਮੇਂ ਦਾ ਵਿਦਿਆਰਥੀ ਅੰਦੋਲਨ ਵੀ ਕਿਸੇ ਜੁਰਮਾਨੇ ਜਾਂ ਫੀਸ ਮੁਆਫੀ ਲਈ ਨਹੀਂ ਬਲਕਿ ਐਨ.ਆਰ.ਸੀ. ਤੇ ਸੀ.ਏ.ਏ. ਦੇ ਮਸਲੇ ਉੱਪਰ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਦੇ ਖਿਲਾਫ਼ ਸਾਹਮਣੇ ਆਇਆ। ਭਾਰਤ ਵਿੱਚ ਵਿਦਿਆਰਥੀ ਅੰਦੋਲਨਾਂ ਦਾ ਪਿਛੋਕੜ —

### ਤਾਮਿਲਨਾਡੂ ਦਾ ਐਂਟੀ ਹਿੰਦੀ ਮੂਵਮੈਂਟ

ਭਾਰਤ ਸਰਕਾਰ ਵੱਲੋਂ 1963 ਵਿੱਚ ਅਧਿਕਾਰਤ ਭਾਸ਼ਾ ਐਕਟ (official language act 1963) ਪਾਸ ਕੀਤਾ ਗਿਆ। ਜਿਸ ਅਨੁਸਾਰ ਤਾਮਿਲਨਾਡੂ ਦੀ ਅਧਿਕਾਰਤ ਭਾਸ਼ਾ ਹਿੰਦੀ ਹੋਣੀ ਸੀ। ਇਸਦੇ ਖਿਲਾਫ਼ ਸੂਬੇ ਦੇ ਵਿਦਿਆਰਥੀਆਂ ਦਾ ਅੰਦੋਲਨ ਫੁੱਟ ਤੁਰਿਆ, ਜਿਸ ਕਾਰਨ ਜਵਾਹਰ ਲਾਲ ਨਹਿਰੂ ਨੂੰ ਇਹ ਭਰੋਸਾ ਦੁਆਉਣਾ ਪਿਆ ਕਿ ਤਾਮਿਲਨਾਡੂ ਦੀ ਅਧਿਕਾਰਤ ਭਾਸ਼ਾ ਅੰਗਰੇਜ਼ੀ ਹੀ ਰਹੇਗੀ। ਪਰ ਨਹਿਰੂ ਦੀ ਮੌਤ ਤੋਂ ਬਾਅਦ ਕਾਂਗਰਸ ਸਰਕਾਰ ਸੂਬੇ ਵਿੱਚ ਤਿੰਨ-ਭਾਸ਼ਾ ਸੂਤਰੀ ਫਾਰਮੂਲਾ ਲੈ ਕੇ ਆਈ। ਜਿਸ ਵਿਰੁੱਧ ਸੂਬੇ ਦੇ ਵਿਦਿਆਰਥੀਆਂ ਨੇ ਵਿਸ਼ਾਲ ਵਿਦਿਆਰਥੀ ਅੰਦੋਲਨ ਖੜਾ ਕਰ ਦਿੱਤਾ। 70 ਦੇ ਕਰੀਬ ਵਿਦਿਆਰਥੀਆਂ ਦੀ ਮੌਤ ਇਸ ਅੰਦੋਲਨ ਵਿੱਚ ਪੁਲੀਸ ਦੇ ਟਕਰਾਅ ਕਾਰਨ ਹੋਈ। ਪਰ ਫਿਰ ਵੀ ਵਿਦਿਆਰਥੀ ਪਿੱਛੇ ਹਟਣ ਲਈ ਤਿਆਰ ਨਹੀਂ ਸਨ। ਮਜਬੂਰਨ ਉਸ ਸਮੇਂ ਦੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸਾਸ਼ਤਰੀ ਨੂੰ ਇਹ ਦੁਹਰਾਉਣਾ ਪਿਆ ਕਿ ਹਿੰਦੀ ਨੂੰ ਤਾਮਿਲਨਾਡੂ ਉੱਪਰ ਨਹੀਂ ਥੋਪਿਆ ਜਾਵੇਗਾ। ਇਸ ਵਿਦਿਆਰਥੀ ਅੰਦੋਲਨ ਦੀ ਇਹ ਤਾਕਤ ਸੀ ਕਿ 1965 ਵਿੱਚ ਕਾਂਗਰਸ ਨੂੰ ਤਾਮਿਲਨਾਡੂ ਵਿੱਚ ਸੱਤਾ ਤੋਂ ਬਾਹਰ ਹੋਣਾ ਪਿਆ।

### ਬਿਹਾਰ ਦਾ ਵਿਦਿਆਰਥੀ ਅੰਦੋਲਨ (1974)

ਬਿਹਾਰ ਵਿੱਚ ਵਿਦਿਆਰਥੀਆਂ ਨੇ ਭ੍ਰਿਸ਼ਟਾਚਾਰ ਦੇ ਵਿਰੋਧ ਵਿੱਚ ਆਪਣਾ ਅੰਦੋਲਨ ਸ਼ੁਰੂ ਕੀਤਾ। ਭ੍ਰਿਸ਼ਟ ਮੰਤਰੀਆਂ ਦੇ ਘਰਾਂ ਨੂੰ ਘੇਰਕੇ ਉਹਨਾਂ ਦੇ ਗਲਾਂ ਵਿੱਚ ਜੁੱਤੀਆਂ ਦੇ ਹਾਰ ਪਾਏ ਜਾਂਦੇ ਸਨ ਤੇ ਉਹਨਾਂ ਨੂੰ ਅਸਤੀਫਾ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਇਸ ਦੌਰਾਨ ਹੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਗਾ ਦਿੱਤੀ। ਮੌਜੂਦਾ ਸਮੇਂ ਵਾਂਗ ਹੀ ਉਸ ਸਮੇਂ ਪਾਰਲੀਮਾਨੀ ਵਿਰੋਧੀ ਧਿਰ ਖਤਮ ਹੋ ਚੁੱਕੀ ਸੀ ਪਰ ਵਿਗਿਆਨ ਦਾ ਨਿਯਮ ਹੈ ਕਿ ਕੋਈ ਵੀ ਚੀਜ਼ ਖਲਾਅ ਵਿੱਚ ਨਹੀਂ ਰਹਿੰਦੀ ਤੇ ਸਿਆਸਤ ਵਿੱਚ ਕਦੇ ਖਲਾਅ ਨਹੀਂ ਰਹਿੰਦਾ। ਉਸ ਸਮੇਂ ਵੀ ਵਿਰੋਧੀ ਧਿਰ ਦਾ ਰੋਲ ਵਿਦਿਆਰਥੀ ਅੰਦੋਲਨਾਂ ਨੇ ਹੀ ਅਦਾ ਕੀਤਾ। ਉਸ ਸਮੇਂ ਵਿਦਿਆਰਥੀਆਂ ਨੇ ਸੜਕਾਂ ਉੱਪਰ ਉੱਤਰ ਕੇ ਇੰਦਰਾ ਦੀ ਤਾਨਾਸ਼ਾਹੀ ਨੂੰ ਚੁਣੌਤੀ ਦਿੱਤੀ। ਉਸ ਸਮੇਂ ਦੀ ਪਾਰਲੀਮਾਨੀ ਸਿਆਸਤ ਵਿਦਿਆਰਥੀਆਂ ਦੇ ਅੰਦੋਲਨਾਂ ਦੇ ਪਿੱਛੇ ਖੜਕੇ ਸੱਤਾ ਹਾਸਲ ਕਰਨ ਦੇ ਸੁਪਨੇ ਲੈ ਰਹੀ ਸੀ। ਪਰ ਵਿਦਿਆਰਥੀਆਂ ਦੀ ਸੜਕਾਂ ਵਾਲੀ ਵਿਰੋਧੀ ਧਿਰ ਨੇ ਹੀ ਇੰਦਰਾ ਦਾ ਬਿਸਤਰਾ ਗੋਲ ਕੀਤਾ।

ਇਸ ਤਰ੍ਹਾਂ ਦੇਸ਼ ਦੇ ਹੋਰ ਬਹੁਤ ਸਾਰੇ ਹਿੱਸਿਆਂ ਵਿੱਚ ਵਿਦਿਆਰਥੀ ਅੰਦੋਲਨ ਹੋਏ। 1979 ਤੋਂ 1985 ਤੱਕ ਅਸਾਮ ਦਾ ਵਿਦਿਆਰਥੀ ਅੰਦੋਲਨ ਇਸ ਕਦਰ ਫੈਲਿਆ ਕਿ ਇਸ ਵਿਦਿਆਰਥੀ ਅੰਦੋਲਨ ਦਾ ਵਿਦਿਆਰਥੀ ਨੇਤਾ 1985 ਵਿੱਚ ਅਸਾਮ ਦਾ ਮੁੱਖ ਮੰਤਰੀ ਬਣਿਆ। 1972 ਵਿੱਚ ਪੰਜਾਬ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਵਿੱਚ ਰੀਗਲ ਸਿਨੇਮੇ ਦਾ ਖਾੜਕੂ ਘੋਲ ਲੜਿਆ ਗਿਆ। ਵਿਦਿਆਰਥੀਆਂ ਨੇ ਸਿਨੇਮੇ ਸਮੇਤ ਮੋਗੇ ਜ਼ਿਲ੍ਹੇ ਦੇ ਪੁਲੀਸ ਥਾਣਿਆਂ 'ਤੇ ਕਬਜੇ ਕਰ ਲਏ। ਸ਼ਹਿਰ ਵਿੱਚ ਫੌਜ ਦਾ ਫਲੈਗ ਮਾਰਚ ਕਰਨਾ ਪਿਆ ਪਰ ਉਸ ਸਮੇਂ ਤੱਕ ਰੀਗਲ ਸਿਨੇਮੇ ਉੱਪਰ ਵਿਦਿਆਰਥੀ ਝੰਡਾ ਝੁਲਾ ਚੁੱਕੇ ਸਨ, ਜੋ ਅੱਜ ਵੀ ਸਿਨੇਮੇ ਉੱਪਰ ਵਿਦਿਆਰਥੀ ਲਹਿਰ ਦੀ ਜਿੱਤ ਵਜੋਂ ਝੂਲ ਰਿਹਾ ਹੈ।

ਮੌਜੂਦਾ ਸਮੇਂ ਵਿੱਚ ਸੀ.ਏ.ਏ. ਤੇ ਐਨ.ਆਰ.ਸੀ. ਦੇ ਵਿਰੋਧ ਵਿੱਚ ਪੂਰੇ ਮੁਲਕ ਵਿੱਚ ਵਿਦਿਆਰਥੀ ਅੰਦੋਲਨ ਹੋ ਰਹੇ ਹਨ। ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਘੋਲ, ਜੇ.ਐਨ.ਯੂ. ਦੇ ਵਿਦਿਆਰਥੀਆਂ ਦਾ ਘੋਲ। ਇਹ ਘੋਲ ਕਿਸੇ ਫੀਸਾਂ ਜੁਰਮਾਨਿਆਂ ਖਿਲਾਫ਼ ਅੰਦੋਲਨ ਨਹੀਂ ਹਨ ਬਲਕਿ ਸਿਆਸੀ ਹੁਕਮਰਾਨ ਜਮਾਤ ਨਾਲ ਸਿੱਧੀ ਟੱਕਰ ਸਨ। ਇਹ ਘੋਲ ਵਿਦਿਆਰਥੀਆਂ ਅੰਦਰ ਫੈਲੀ ਬੇਚੈਨੀ

ਦਾ ਪ੍ਰਗਟਾਵਾ ਹਨ।

ਇਸ ਸਮੇਂ ਵਿਦਿਆਰਥੀ ਅੰਦੋਲਨਾਂ ਵਿੱਚ ਹਿੰਦੂਤਵ ਫਾਸ਼ੀਵਾਦੀ ਵਿਚਾਰਧਾਰਾ ਦਾ ਵਿਰੋਧ ਮੁੱਖ ਹੈ। ਜੇ.ਐਨ.ਯੂ. ਦਾ ਵਿਦਿਆਰਥੀ ਅੰਦੋਲਨ ਬੇਸ਼ੱਕ ਫੀਸਾਂ ਘੱਟ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਇਆ ਹੈ ਪਰ ਇਸ ਅੰਦੋਲਨ ਦੇ ਤੱਤ ਵਿੱਚ ਹਿੰਦੂਤਵ ਫਾਸ਼ੀਵਾਦੀ ਤਾਕਤਾਂ ਦਾ ਵਿਰੋਧ ਹੀ ਮੁੱਖ ਕੜੀ ਹੈ। ਪੰਜਾਬ ਵਿੱਚ 1972 ਦੇ ਰੀਗਲ ਸਿਨੇਮੇ ਦੇ ਘੋਲ ਵਿੱਚ ਮੁੱਖ ਮੰਗ ਫਿਲਮ ਦੇਖਣ ਲਈ ਅੱਧੀ ਟਿਕਟ ਦਾ ਹੀ ਮਾਮਲਾ ਸੀ। ਪਰ ਜਿਸ ਤਰੀਕੇ ਨਾਲ ਇਸ ਵਿੱਚ ਵਿਦਿਆਰਥੀਆਂ ਦੀ ਤੇ ਲੋਕਾਂ ਦੀ ਸ਼ਮੂਲੀਅਤ ਹੋਈ, ਉਸਦੇ ਤੱਤ ਵਿੱਚ ਨਕਸਲਬਾੜੀ ਲਹਿਰ ਦੌਰਾਨ ਪੁਲੀਸ ਵੱਲੋਂ ਲੋਕਾਂ ਉੱਪਰ ਕੀਤੇ ਗਏ ਪੁਲੀਸ ਤਸ਼ੱਦਦ ਖਿਲਾਫ਼ ਲੋਕਾਂ ਦੇ ਮਨਾਂ ਅੰਦਰ ਪਿਆ ਗੁੱਸਾ ਸੀ। ਪੁਲੀਸ ਖਿਲਾਫ਼ ਉਸ ਗੁੱਸੇ ਨੂੰ ਰੀਗਲ ਸਿਨੇਮੇ ਦੀ ਘਟਨਾ ਨੇ ਚੰਗਿਆੜੀ ਦਾ ਕੰਮ ਕੀਤਾ।

**ਫਾਸ਼ੀਵਾਦ ਬਨਾਮ ਵਿਦਿਆਰਥੀ**

ਫਾਸ਼ੀਵਾਦ ਡੰਡੇ ਦਾ ਰਾਜ ਹੈ। ਇਹ ਦਹਿਸ਼ਤ ਫੈਲਾਅ ਕੇ ਹੀ ਚੱਲ ਸਕਦਾ ਹੈ। ਸਮਾਜ ਦਾ ਪਛੜਿਆਪਣ ਫਾਸ਼ੀਵਾਦ ਲਈ ਮਜਬੂਤ ਨੀਂਹ ਦਾ ਕੰਮ ਕਰਦਾ ਹੈ। ਸਮਾਜ ਜਿੰਨਾ ਪਛੜਿਆ ਹੋਵੇਗਾ, ਫਾਸ਼ੀਵਾਦ ਦੇ ਥੰਮ ਓਨੇ ਹੀ ਮਜਬੂਤ ਹੋਣ ਦੇ ਅਸਾਰ ਜਿਆਦਾ ਹੁੰਦੇ ਹਨ। ਇਸ ਵਿੱਚ ਹੀ ਫਾਸ਼ੀਵਾਦ ਤੇ ਵਿਦਿਆਰਥੀਆਂ ਦਾ ਆਪਸੀ ਵਿਰੋਧ ਛੁਪਿਆ ਪਿਆ ਹੈ। ਵਿਦਿਆਰਥੀ ਵਰਗ ਸਮਾਜ ਦਾ ਨਵੀਨਤਾਪਸੰਦ ਤੇ ਚੇਤੰਨਤਾ ਭਰਪੂਰ ਤਬਕਾ ਹੁੰਦਾ ਹੈ। ਸਮਾਜ ਦੀਆਂ ਪਿਛਾਂਹਖਿੱਚੂ ਕਦਰਾਂ-ਕੀਮਤਾਂ ਨੂੰ ਵਿਦਿਆਰਥੀ ਮੰਨਣ ਤੋਂ ਆਕੀ ਹੁੰਦੇ ਹਨ। ਮੋਦੀ ਸਰਕਾਰ ਦੇਸ਼ ਨੂੰ ਹਜ਼ਾਰਾਂ ਸਾਲ ਪੁਰਾਣੇ ਗੈਰ-ਮਾਨਵੀ ਸਮਾਜ ਵੱਲ ਧੱਕਣਾ ਚਾਹੁੰਦੀ ਹੈ। ਦੇਸ਼ ਦੇ ਸੰਵਿਧਾਨ ਨੂੰ ਖਤਮ ਕਰਕੇ ਮਨੂੰ ਸਿਮਰਤੀ ਨੂੰ ਮੁਲਕ ਦਾ ਸੰਵਿਧਾਨ ਬਣਾਉਣਾ ਲੋਚਦੀ ਹੈ। ਹਿੰਦੂਤਵ ਫਾਸ਼ੀਵਾਦ ਦੇ ਵਿਰੋਧ ਵਿੱਚ ਦੇਸ਼ ਦੀਆਂ ਯੂਨੀਵਰਸਿਟੀਆਂ ਵੱਡੀ ਰੁਕਾਵਟ ਹਨ। ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਆਪਣੇ ਕੰਟਰੋਲ 'ਚ ਕਰਨ ਲਈ ਸਰਕਾਰ ਨੇ ਆਰ.ਐਸ.ਐਸ. ਦੀ ਵਿਚਾਰਧਾਰਾ ਵਾਲੇ ਵਾਈਸ ਚਾਂਸਲਰ ਨਿਯੁਕਤ ਕੀਤੇ। ਪਾਠਕ੍ਰਮ ਵਿੱਚ ਬਦਲਾਅ ਕਰਵਾਕੇ ਵਿਦਿਆਰਥੀਆਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਸੰਘ ਵੱਲੋਂ ਇੰਨਾ ਸਭ ਕੁੱਝ ਕਰਨ ਦੇ ਬਾਵਜੂਦ ਵਿਦਿਆਰਥੀਆਂ ਅੰਦਰ ਇੱਕ ਬੇਚੈਨੀ ਜਨਮ ਲੈ ਰਹੀ ਹੈ। ਜੋ ਭਾਜਪਾ ਸਰਕਾਰ ਦੇ ਕੰਟਰੋਲ ਤੋਂ ਬਾਹਰ ਹੈ। ਮੋਦੀ ਸਰਕਾਰ ਦਾ ਸਭ ਤੋਂ ਜਿਆਦਾ ਵਿਰੋਧ ਵਿਦਿਆਰਥੀਆਂ ਵਿੱਚ ਹੋ ਰਿਹਾ ਹੈ। ਜਿਸ ਕਰਕੇ ਸੰਘ ਵੱਲੋਂ ਹੁਣ ਵਿਦਿਆਰਥੀਆਂ ਉੱਪਰ ਹਿੰਸਕ ਹਮਲੇ ਕਰਵਾਏ ਜਾ ਰਹੇ ਹਨ। ਜੇ.ਐਨ.ਯੂ. ਵਿੱਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਤੇ ਅਧਿਆਪਕਾਂ ਉੱਪਰ ਏ.ਬੀ.ਵੀ.ਪੀ. ਦੇ ਨਕਾਬਪੋਸ਼ ਗੁੰਡਿਆਂ ਵੱਲੋਂ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਰਾਜਘਾਟ ਵੱਲ ਮਾਰਚ ਕਰ ਰਹੇ ਜਾਮੀਆ ਦੇ ਵਿਦਿਆਰਥੀਆਂ ਉੱਪਰ ਸੰਘ ਦੇ ਗੁੰਡੇ ਗੋਪਾਲ ਵੱਲੋਂ ਸ਼ਰੇਆਮ ਗੋਲੀਆਂ ਚਲਾਈਆਂ ਗਈਆਂ। ਜਿਸ ਵਿੱਚ ਗੋਲੀ ਲੱਗਣ ਕਾਰਨ ਵਿਦਿਆਰਥੀ ਜਖ਼ਮੀ ਵੀ ਹੋਏ। ਇਹ ਫਾਸ਼ੀਵਾਦੀ ਤਾਕਤਾਂ ਦੀ ਬੁਖਲਾਹਟ ਦਾ ਸੰਕੇਤ ਹੈ। 2014 ਤੋਂ ਹੁਣ ਤੱਕ ਦੇ ਆਪਣੇ ਕਾਰਜਕਾਲ ਦੌਰਾਨ ਮੋਦੀ ਸਰਕਾਰ ਨੇ ਸਟੇਟ ਮਸ਼ੀਨਰੀ ਦਾ ਫਾਸ਼ੀਕਰਨ ਕਰਨ ਦੇ ਜ਼ੋਰਦਾਰ ਯਤਨ ਕੀਤੇ ਹਨ। ਇਸੇ ਸਟੇਟ ਮਸ਼ੀਨਰੀ ਰਾਹੀਂ ਸੰਘ ਨੇ ਵਿਦਿਆਰਥੀਆਂ ਉੱਪਰ ਝੂਠੇ ਪਰਚੇ ਦਰਜ ਕਰਵਾਏ, ਲਾਠੀਚਾਰਜ ਕੀਤਾ, ਜੇਲ੍ਹਾਂ 'ਚ ਬੰਦ ਕੀਤਾ ਪਰ ਵਿਦਿਆਰਥੀ ਅੰਦੋਲਨ ਮੱਠੇ ਹੋਣ ਦੀ ਥਾਂ ਹੋਰ ਵਧਣੇ ਸ਼ੁਰੂ ਹੋਏ। ਪਰ ਹੁਣ ਸੰਘ ਵੱਲੋਂ ਸਟੇਟ ਮਸ਼ੀਨਰੀ ਦੇ ਨਾਲ ਆਪਣੇ ਗੁੰਡਿਆਂ ਵੱਲੋਂ ਵਿਦਿਆਰਥੀਆਂ ਉੱਪਰ ਹਮਲੇ ਕਰਵਾਏ ਜਾ ਰਹੇ ਹਨ। ਭਾਜਪਾ ਸਰਕਾਰ ਦਹਿਸ਼ਤ ਪਾਕੇ ਵਿਦਿਆਰਥੀਆਂ ਦੇ ਅੰਦੋਲਨ ਨੂੰ ਰੋਕਣਾ ਚਾਹੁੰਦੀ ਹੈ। ਇਸ ਸਮੇਂ ਫਾਸ਼ੀਵਾਦ ਖਿਲਾਫ਼ ਲੜ ਰਹੀਆਂ ਤਾਕਤਾਂ ਸਾਹਮਣੇ ਵੀ ਇਹ ਸਵਾਲ ਖੜਾ ਹੈ ਕਿ ਜਦੋਂ ਦੇਸ਼ ਦੇ ਹਾਕਮ ਪੁਰਾਣੇ ਢੰਗ-ਤਰੀਕਿਆਂ ਨਾਲ ਰਾਜ ਕਰਨ ਤੋਂ ਅਸਮਰੱਥ ਹਨ, ਸੰਘਰਸ਼ਾਂ ਉੱਪਰ ਸਿੱਧੇ ਰੂਪ ਵਿੱਚ ਹਿੰਸਕ ਹਮਲੇ ਹੋ ਰਹੇ ਹਨ ਤਾਂ ਉਸ ਸਮੇਂ ਆਪਣੇ ਸੰਘਰਸ਼ਾਂ ਦੇ ਜਮਹੂਰੀ ਰੂਪਾਂ 'ਚ ਵੰਨ-ਸੁਵੰਨਤਾ ਲਿਆਉਣ ਦੇ ਨਾਲ-ਨਾਲ ਸੰਘਰਸ਼ਾਂ ਦੀ ਸਵੈ-ਰੱਖਿਆ ਦਾ ਸਵਾਲ ਵਿਚਾਰਨਾ ਪ੍ਰਮੁੱਖ ਲੋੜ ਹੈ। ਇਕੱਲੀ ਦਲੀਲ ਤੇ ਨਾਅਰਿਆਂ ਦੀ ਆਵਾਜ਼ ਨਾਲ ਫਾਸ਼ੀਵਾਦ ਨੂੰ ਹਰਾਉਣਾ ਅਸੰਭਵ ਹੈ।

ਉੱਪਰ ਅਸੀਂ ਜਿੰਨ੍ਹਾਂ ਵਿਦਿਆਰਥੀ ਅੰਦੋਲਨਾਂ ਦਾ ਜ਼ਿਕਰ ਕੀਤਾ ਹੈ, ਉਹ ਸਿਆਸੀ ਮਸਲਿਆਂ ਉੱਪਰ ਸੱਤਾ ਖਿਲਾਫ਼ ਕੇਂਦਰਤ ਸਨ। ਉਸ ਸਮੇਂ ਫਾਸ਼ੀਵਾਦ ਦਾ ਕੋਈ ਖਤਰਾ ਨਹੀਂ ਸੀ। ਪਰ ਇਸ ਸਮੇਂ ਆਰ.ਐਸ.ਐਸ. ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜੋ ਸੱਤਾ ਵਿੱਚ ਬੈਠੀ ਹੈ, ਉਸਦੀ ਵਿਚਾਰਧਾਰਾ ਹੀ ਫਾਸ਼ੀਵਾਦੀ ਹੈ ਅਤੇ ਇਸ ਸਮੇਂ ਦੇਸ਼ ਡੂੰਘੇ ਆਰਥਿਕ ਸੰਕਟ ਵਿੱਚ ਫਸਿਆ ਹੋਣ ਕਾਰਨ ਇਸਦੀ ਲੋੜ ਵੀ ਫਾਸ਼ੀਵਾਦ ਹੈ। ਇਹਨਾਂ ਦੋਨਾਂ ਕਾਰਨਾਂ ਕਰਕੇ ਇਹ ਸਰਕਾਰ ਫਾਸ਼ੀਵਾਦੀ ਤਾਨਾਸ਼ਾਹੀ ਸਥਾਪਿਤ ਕਰਕੇ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀ ਹੈ। ਇਸ ਕਰਕੇ ਵਿਦਿਆਰਥੀ ਅੰਦੋਲਨਾਂ ਦੇ ਸਾਹਮਣੇ ਫਾਸ਼ੀਵਾਦ ਮੁੱਖ ਚੁਣੌਤੀ ਹੈ। ਇਸਨੂੰ ਸਿੰਗਾਂ ਤੋਂ ਫੜਕੇ ਧੂਹ ਕੇ ਸੱਤਾ ਤੋਂ ਲਾਂਭੇ ਕਰਨਾ ਦੇਸ਼ ਦੇ ਵਿਦਿਆਰਥੀਆਂ ਸਾਹਮਣੇ ਮੁੱਖ ਉਦੇਸ਼ ਹੋਣਾ ਚਾਹੀਦਾ ਹੈ।

## ਸੰਘਰਸ਼ ਦੀ ਤਾਂਘ ਦਾ ਪ੍ਰਗਟਾਵਾ : 8 ਜਨਵਰੀ ਨੂੰ ਦੇਸ਼ ਪੱਧਰੀ ਮਜ਼ਦੂਰ ਹੜਤਾਲ

8 ਜਨਵਰੀ ਨੂੰ ਟਰੇਡ-ਯੂਨੀਅਨਜ਼ ਵੱਲੋਂ ਦਿੱਤੇ ਇੱਕ ਰੋਜਾ ਹੜਤਾਲ ਦੇ ਸੱਦੇ ਨੂੰ ਦੇਸ਼ ਭਰ ਦੇ ਕਿਰਤੀਆਂ ਨੇ ਉਤਸ਼ਾਹਜਨਕ ਤੇ ਦਲੇਰੀ ਭਰਪੂਰ ਹੁੰਗਾਰਾ ਭਰਿਆ ਹੈ। ਵੱਖ-ਵੱਖ ਥਾਵਾਂ 'ਤੇ ਪ੍ਰਸਾਸ਼ਨ ਵੱਲੋਂ ਰੁਕਾਵਟਾਂ ਖੜੀਆਂ ਕਰਨ ਦੇ ਬਾਵਜੂਦ, ਮਾਲਕਾਂ ਅਤੇ ਮੈਨੇਜਮੈਂਟਾਂ ਦੀਆਂ ਧਮਕੀਆਂ ਦੀ ਪ੍ਰਵਾਹ ਕੀਤੇ ਬਿਨਾਂ ਮਜ਼ਦੂਰਾਂ ਨੇ ਹੜਤਾਲ ਕਰਕੇ ਰੈਲੀਆਂ-ਮੁਜਾਹਰੇ ਕੀਤੇ ਹਨ। ਹੜਤਾਲ ਕਾਰਨ ਬਹੁਤ ਸਾਰੇ ਸੂਬਿਆਂ 'ਚ ਸਨਅਤੀ ਗਤੀਵਿਧੀਆਂ ਤੋਂ ਇਲਾਵਾ ਆਮ ਜਨਜੀਵਨ ਵੀ ਪ੍ਰਭਾਵਿਤ ਹੋਇਆ। ਹੜਤਾਲ ਨੂੰ ਜੂਟ, ਚਾਹ ਬਾਗ਼, ਟੈਕਸਟਾਈਲ, ਭਾਰੀਆਂ ਸਨਅਤਾਂ ਤੋਂ ਇਲਾਵਾ ਛੋਟੇ ਤੇ ਮੱਧਮ ਦਰਜੇ ਦੀਆਂ ਸਨਅਤਾਂ ਦੇ ਮਜ਼ਦੂਰਾਂ ਤੋਂ ਹੁੰਗਾਰਾ ਮਿਲਿਆ। ਗੈਰ-ਜੱਥੇਬੰਦਕ ਖੇਤਰ ਦੇ ਕਿਰਤੀਆਂ ਨੇ ਵੀ ਹੜਤਾਲ ਨੂੰ ਉਤਸ਼ਾਹਜਨਕ ਹੁੰਗਾਰਾ ਦਿੱਤਾ। ਬੈਂਕਿੰਗ ਖੇਤਰ 'ਚ ਹੜਤਾਲ ਬੇਹੱਦ ਕਾਮਯਾਬ ਰਹੀ।

ਇਫਟੂ ਅਤੇ ਕੁੱਝ ਹੋਰ ਇਨਕਲਾਬੀ ਟਰੇਡ ਯੂਨੀਅਨਜ਼ ਨੇ ਹੜਤਾਲ ਨੂੰ ਜੋਰਦਾਰ ਸਮਰਥਨ ਦਿੱਤਾ। ਇਨ੍ਹਾਂ ਯੂਨੀਅਨਾਂ ਨੇ ਨਵੇਂ ਬਣਾਏ ਵੇਜ ਕੋਡ ਸਮੇਤ ਮਜ਼ਦੂਰ ਵਿਰੋਧੀ ਕਿਰਤ ਕਾਨੂੰਨਾਂ ਨੂੰ ਰੱਦ ਕਰਨ, 9 ਘੰਟੇ ਕੰਮ ਦਿਹਾੜੀ ਅਤੇ 16 ਘੰਟੇ ਓਵਰ ਟਾਈਮ ਦੀ ਤਜਵੀਜ ਰੱਦ ਕਰਨ, ਫਿਕਸ ਟਰਮ ਰੁਜ਼ਗਾਰ ਨੂੰ ਰੱਦ ਕਰਨ, ਕੈਜੂਅਲ-ਠੇਕਾ ਅਤੇ ਆਊਟ ਸੋਰਸਿੰਗ ਕਿਰਤੀਆਂ ਨੂੰ ਬਰਾਬਰ ਕੰਮ ਬਰਾਬਰ ਭੁਗਤਾਨ ਦੇ ਅਸੂਲ ਹੇਠ ਲਿਆਉਣ, ਘੱਟੋ-ਘੱਟ ਉਜਰਤ 21 ਹਜ਼ਾਰ ਕਰਨ, ਜਨਤਕ ਖੇਤਰ ਦੇ ਨਿੱਜੀਕਰਨ ਦੀ ਨੀਤੀ ਖਤਮ ਕਰਨ ਅਤੇ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕ ਰਜਿਸਟਰ ਅਤੇ ਐਨ.ਪੀ.ਆਰ. ਨੂੰ ਵਾਪਸ ਲੈਣ ਵਰਗੀਆਂ ਮੰਗਾਂ 'ਤੇ ਇਸ ਹੜਤਾਲ 'ਚ ਮਜ਼ਦੂਰਾਂ ਨੂੰ ਜੱਥੇਬੰਦ ਕੀਤਾ।

ਦਿੱਲੀ ਵਿੱਚ ਮੀਂਹ ਦੇ ਬਾਵਜੂਦ ਹੜਤਾਲ ਵਾਲੇ ਦਿਨ ਮਜ਼ਦੂਰਾਂ ਨੇ ਮੁਜਾਹਰੇ ਕਰਕੇ ਵੱਡੀਆਂ ਰੈਲੀਆਂ ਕੀਤੀਆਂ। ਓਖਲਾ ਸਨਅਤੀ ਖੇਤਰ 'ਚ ਹੜਤਾਲ 70% ਸਫ਼ਲ ਰਹੀ। ਇੱਥੇ ਮਜ਼ਦੂਰਾਂ ਨੇ ਫੇਜ-1 ਅਤੇ 2 ਵਿੱਚੋਂ ਮੁਜਾਹਰਾ ਕੱਢਿਆ। ਮਾਇਆਪੁਰੀ ਖੇਤਰ 'ਚ ਹੜਤਾਲ ਦੀ ਅਗਵਾਈ ਇਫਟੂ ਨੇ ਕੀਤੀ, ਸੀਟੂ ਵੱਲੋਂ ਸ਼ਮੂਲੀਅਤ ਕੀਤੀ ਗਈ। ਪੁਲੀਸ ਨੇ ਮਜ਼ਦੂਰਾਂ ਨੂੰ ਡਰਾ ਕੇ ਖਿੰਡਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਮਜ਼ਦੂਰਾਂ ਦੀ ਦਲੇਰੀ ਤੇ ਦ੍ਰਿੜਤਾ ਕਾਰਨ ਪੁਲੀਸ ਦੇ ਯਤਨ ਫੇਲ੍ਹ ਹੋ ਗਏ। ਹੜਤਾਲ 80% ਸਫ਼ਲ ਰਹੀ। ਸਫਦਰਜੰਗ ਹਸਪਤਾਲ ਵਿਖੇ ਰੈਗੂਲਰ ਤੇ ਠੇਕਾ ਕਰਮਚਾਰੀਆਂ ਨੇ ਜਨਤਕ ਰੈਲੀ ਕੀਤੀ।

ਪੰਜਾਬ ਵਿੱਚ ਗੁਰਦਾਸਪੁਰ, ਪਠਾਨਕੋਟ ਅਤੇ ਨਵਾਂਸ਼ਹਿਰ ਵਿਖੇ ਇਫਟੂ ਵੱਲੋਂ ਰੈਲੀਆਂ ਕਰਕੇ ਮੁਜ਼ਾਹਰੇ ਕੀਤੇ ਗਏ। ਨਵਾਂਸ਼ਹਿਰ ਵਿਖੇ ਜਲੰਧਰ-ਚੰਡੀਗੜ੍ਹ ਰੋਡ 'ਤੇ ਚੱਕਾ ਜਾਮ ਵੀ ਕੀਤਾ ਗਿਆ। ਇਸ ਹੜਤਾਲ 'ਚ ਭੱਠਾ ਮਜ਼ਦੂਰਾਂ, ਰੇਹੜੀ ਵਰਕਰਾਂ, ਆਟੋ ਵਰਕਰਜ਼ ਅਤੇ ਉਸਾਰੀ ਕਿਰਤੀਆਂ ਨੇ ਸ਼ਮੂਲੀਅਤ ਕੀਤੀ। ਪਟਿਆਲਾ ਵਿਖੇ ਗੈਸ ਕਿਰਤੀਆਂ ਨੇ ਕਿਸਾਨਾਂ ਨਾਲ ਮਿਲਕੇ 2 ਘੰਟੇ ਚੱਕਾ ਜਾਮ ਕੀਤਾ। ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਦੀ ਅਗਵਾਈ ਹੇਠ ਮੁਲਾਜ਼ਮਾਂ ਨੇ ਕਈ ਸਥਾਨਾਂ 'ਤੇ ਹੜਤਾਲ ਦੇ ਸਮਰਥਨ 'ਚ ਸ਼ਮੂਲੀਅਤ ਕੀਤੀ। ਹਰਿਆਣਾ ਦੇ ਪਾਣੀਪਤ 'ਚ ਇਫਟੂ ਨੇ ਮਜ਼ਦੂਰਾਂ ਦੀ ਰੈਲੀ 'ਚ ਸ਼ਮੂਲੀਅਤ ਕਰਕੇ ਹੜਤਾਲ ਨੂੰ ਸਫ਼ਲ ਬਣਾਉਣ 'ਚ ਯੋਗਦਾਨ ਦਿੱਤਾ।

ਪੱਛਮੀ ਬੰਗਾਲ ਅਤੇ ਅਸਾਮ ਵਿੱਚ ਹੜਤਾਲ ਦਾ ਜਬਰਦਸਤ ਅਸਰ ਦੇਖਣ ਨੂੰ ਮਿਲਿਆ। ਭਾਰੀ ਪੁਲੀਸ ਰੋਕਾਂ ਦੇ ਬਾਵਜੂਦ ਜੂਟ ਤੇ ਚਾਹ ਬਾਗ਼ਾਂ ਦੇ ਕਿਰਤੀਆਂ ਨੇ ਸਫ਼ਲ ਹੜਤਾਲ ਕੀਤੀ।

ਬਿਹਾਰ 'ਚ ਇਫਟੂ ਵੱਲੋਂ ਸਾਸਾਰਾਮ ਤੇ ਮੁਜੱਫਰਪੁਰ 'ਚ ਰੈਲੀਆਂ ਕੀਤੀਆਂ ਗਈਆਂ। ਭਾਗਪੁਰ ਅਤੇ ਖਿਆਲਗਾਓ 'ਚ ਮੁਜਾਹਰੇ ਕੀਤੇ ਗਏ।

ਆਂਧਰਾ ਪ੍ਰਦੇਸ਼ 'ਚ ਵਿਜੇਵਾੜਾ ਵਿਖੇ ਹੋਈ ਵਿਸ਼ਾਲ ਸਾਂਝੀ ਰੈਲੀ 'ਚ ਇਫਟੂ ਦੀ ਅਗਵਾਈ ਹੇਠ ਢਾਈ ਹਜ਼ਾਰ ਕਿਰਤੀਆਂ ਨੇ ਸ਼ਮੂਲੀਅਤ ਕੀਤੀ। ਸੂਬੇ ਦੇ 42 ਕੇਂਦਰਾਂ 'ਤੇ ਹੜਤਾਲ ਕਰਕੇ ਰੈਲੀਆਂ ਕੀਤੀਆਂ ਗਈਆਂ। ਜਿਨ੍ਹਾਂ ਵਿੱਚ ਪੱਛਮੀ ਤੇ ਪੂਰਬੀ ਗੋਦਾਵਰੀ, ਸ਼੍ਰੀਕਾਕੁਲਮ, ਤਿਰੂਪਤੀ, ਕਰਨੂਲ, ਕ੍ਰਿਸ਼ਨਾ ਅਤੇ ਅੰਗੋਲ ਪ੍ਰਮੁੱਖ ਕੇਂਦਰ ਸਨ।

ਤੇਲੰਗਾਨਾ ਦੇ ਸਾਰੇ ਜ਼ਿਲ੍ਹਾ ਕੇਂਦਰਾਂ ਅਤੇ ਸਨਅਤੀ ਕੇਂਦਰਾਂ 'ਤੇ ਹੜਤਾਲ ਦੌਰਾਨ ਰੈਲੀਆਂ ਕੀਤੀਆਂ ਗਈਆਂ ਜਿਸ ਕਾਰਨ ਬਹੁਤ ਸਾਰੇ ਕੇਂਦਰਾਂ 'ਤੇ ਕੰਮਕਾਰ ਪ੍ਰਭਾਵਿਤ ਰਿਹਾ। 100 ਦੇ ਲਗਭਗ ਸਥਾਨਾਂ 'ਤੇ ਸੜਕੀ ਆਵਾਜਾਈ ਠੱਪ ਕਰਕੇ ਚੱਕਾ ਜਾਮ ਕੀਤਾ ਗਿਆ।

ਤਾਮਿਲਨਾਡੂ ਵਿਖੇ ਕ੍ਰਿਸ਼ਨਾਗਿਰੀ 'ਚ ਵਿਰੋਧ ਕਰ ਰਹੇ ਇਫਟੂ ਦੇ 172 ਵਰਕਰਾਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਲਿਆ।

ਜਿਵੇਂ-ਜਿਵੇਂ ਮਜ਼ਦੂਰ ਵਰਗ ਵਿਰੁੱਧ ਹਾਕਮਾਂ ਦਾ ਹਮਲਾ ਤਿੱਖਾ ਹੋ ਰਿਹਾ ਹੈ ਉਦੋਂ ਜ਼ਰੂਰਤ ਹੈ ਮਜ਼ਦੂਰਾਂ ਨੂੰ ਜੱਥੇਬੰਦ ਕਰਕੇ ਦ੍ਰਿੜ ਤੇ ਲੰਬੇ ਸੰਘਰਸ਼ਾਂ ਲਈ ਤਿਆਰ ਕੀਤਾ ਜਾਵੇ। ਇਸ ਹੜਤਾਲ ਨੂੰ ਮਜ਼ਦੂਰ ਵਰਗ ਵੱਲੋਂ ਮਿਲੇ ਹੁੰਗਾਰੇ ਤੋਂ ਉਨ੍ਹਾਂ ਵਿੱਚ ਸੰਘਰਸ਼ ਪ੍ਰਤੀ ਪਣਪ ਰਹੀ ਭਾਵਨਾ ਦਾ ਪ੍ਰਗਟਾਵਾ ਹੋਇਆ ਹੈ। ਇਨਕਲਾਬੀ ਟਰੇਡ ਯੂਨੀਅਨਜ਼ ਨੂੰ ਖਾਸ ਕਰਕੇ ਇਫਟੂ ਨੂੰ ਇਸ ਭਾਵਨਾ ਤੋਂ ਉਤਸ਼ਾਹ ਲੈ ਕੇ ਮਜ਼ਦੂਰਾਂ ਦੇ ਸੰਘਰਸ਼ ਨੂੰ ਸਹੀ ਦਿਸ਼ਾ ਵਿੱਚ ਵਿਕਸਤ ਕਰਨ ਦੀ ਬੇਹੱਦ ਅਹਿਮ ਲੋੜ ਹੈ।

## 8 ਜਨਵਰੀ ਪੇਂਡੂ ਭਾਰਤ ਬੰਦ ਕਿਸਾਨ ਜੱਥੇਬੰਦੀਆਂ ਵੱਲੋਂ ਸੜਕਾਂ ਜਾਮ

ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਵੱਲੋਂ 8 ਜਨਵਰੀ ਨੂੰ ਪੇਂਡੂ ਭਾਰਤ ਬੰਦ ਕਰਨ ਦਾ 30 ਤੇ 31 ਨਵੰਬਰ 2019 ਦੀ ਦਿੱਲੀ ਕਨਵੈਨਸ਼ਨ ਵਿੱਚ ਸੱਦਾ ਦਿੱਤਾ ਗਿਆ। ਇਸਨੂੰ ਕਾਮਯਾਬ ਕਰਨ ਲਈ ਇਸ ਵਿੱਚ ਕਿਰਤੀ ਕਿਸਾਨ ਯੂਨੀਅਨ ਸਮੇਤ ਸ਼ਾਮਿਲ ਜੱਥੇਬੰਦੀਆਂ ਵੱਲੋਂ ਪਿੰਡਾਂ ਵਿੱਚ ਮੀਟਿੰਗਾਂ, ਰੈਲੀਆਂ, ਜੱਥੇ ਮਾਰਚਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਤੇ ਪੇਂਡੂ ਕਸਬਿਆਂ ਦੇ ਦੁਕਾਨਦਾਰਾਂ, ਕਾਰੋਬਾਰੀਆਂ, ਦੋਧੀਆਂ, ਸਬਜੀ ਉਤਪਾਦਕਾਂ, ਗੰਨਾ ਉਤਪਾਦਕ ਕਿਸਾਨਾਂ, ਛੋਟੇ ਟਰਾਂਸਪੋਰਟਰਾਂ ਨੂੰ ਇਸ ਬੰਦ ਦੀ ਹਮਾਇਤ ਕਰਨ ਦੀ ਅਪੀਲ ਕੀਤੀ। ਜਿਸਦੇ ਫਲਸਰੂਪ ਇਸ ਬੰਦ ਦੀ ਪ੍ਰਿੰਟ ਮੀਡੀਆ, ਇਲੈਕਟ੍ਰੋਨਿਕ ਮੀਡੀਆ, ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਹੋਈ। ਜਿਸਦੇ ਫਲਸਰੂਪ ਅੰਮ੍ਰਿਤਸਰ ਜ਼ਿਲ੍ਹੇ ਵਿੱਚ 8 ਜਨਵਰੀ ਨੂੰ ਬਹੁਤ ਸਾਰੇ ਪ੍ਰਾਈਵੇਟ ਸਕੂਲ, ਸਕੂਲਾਂ ਦੀਆਂ ਚੇਨਾਂ, ਮਿੰਨ ਬੱਸ ਟਰਾਂਸਪੋਰਟਰਾਂ, ਗੰਨਾ ਉਤਪਾਦਕਾਂ ਤੇ ਕੁਝ ਕਸਬਿਆਂ ਨੇ ਇਸ ਵਿੱਚ ਸ਼ਮੂਲੀਅਤ ਕੀਤੀ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਅੱਡਾ ਕੁੱਕੜਾਂਵਾਲਾ ਤੇ ਰਈਆ ਠੱਪ ਰਹੇ। ਕਿਸਾਨਾਂ ਤੇ ਮਜ਼ਦੂਰਾਂ ਨੇ ਮਿਲ ਕੇ ਅਜਨਾਲੇ ਤੇ ਰਈਏ ਵਿਖੇ ਇੱਕ ਵਜੋਂ ਤੋਂ ਤਿੰਨ ਵਜੇ ਤੱਕ ਸੜਕੀ ਆਵਾਜਾਈ ਬੰਦ ਕੀਤੀ, ਮਜੀਠਾ ਤੇ ਅਟਾਰੀ ਵਿਖੇ ਅੰਮ੍ਰਿਤਸਰ ਨੂੰ ਜੋੜਦੇ ਮੁੱਖ ਮਾਰਗਾਂ 'ਤੇ ਆਵਾਜਾਈ ਬੰਦ ਰਹੀ। ਇਸ ਸਮੇਂ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਵੀ ਦੋ ਘੰਟੇ ਲਈ ਰੇਲ ਆਵਾਜਾਈ ਠੱਪ ਕੀਤੀ ਗਈ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਵਿੱਚ ਜੱਥੇਬੰਦੀਆਂ ਦੇ ਆਪਸੀ ਤਾਲਮੇਲ ਦੀ ਘਾਟ ਰੜਕਦੀ ਰਹੀ। ਜੇ ਇਸ ਪ੍ਰੋਗਰਾਮ ਵਿੱਚ ਕੁੱਝ ਕਸਬਿਆਂ ਅਜਨਾਲਾ, ਰਾਮਦਾਸ, ਚੌਗਾਵਾਂ, ਰਾਜਾਸਾਂਸੀ ਵਿਖੇ ਸਾਂਝੇ ਤੌਰ 'ਤੇ ਜੱਥੇਬੰਦੀਆਂ ਵੱਲੋਂ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਤਾਂ ਬੰਦ ਹੋਰ ਵੀ ਸਫ਼ਲ ਹੋ ਸਕਦਾ ਸੀ।

ਨਵਾਂਸ਼ਹਿਰ ਵਿੱਚ ਚੰਡੀਗੜ੍ਹ ਚੌਕ, ਲੁਧਿਆਣਾ ਵਿਖੇ ਰਾਏਕੋਟ, ਮੋਗਾ-ਕੋਟਕਪੂਰਾ ਰੋਡ 'ਤੇ ਸਿੰਘਾਵਾਲਾ, ਜੈਤੋ ਬਠਿੰਡਾ ਰੋਡ, ਫ਼ਰੀਦਕੋਟ, ਬੱਸ ਸਟੈਂਡ ਕਪੂਰਥਲਾ, ਅੱਟਾ ਫਲਾਈਓਵਰ ਜੀ.ਟੀ. ਰੋਡ ਦਿੱਲੀ-ਅੰਮ੍ਰਿਤਸਰ, ਜ਼ਿਲ੍ਹਾ ਜਲੰਧਰ, ਬਠਿੰਡਾ-ਬਰਨਾਲਾ ਮੁੱਖ ਮਾਰਗ 'ਤੇ ਲਹਿਰਾਗਾਗਾ ਵਿਖੇ ਤੇ ਦੋਰਾਂਗਲਾ-ਦੀਨਾਨਗਰ ਰੋਡ 'ਤੇ ਬਹਿਰਾਮਪੁਰ, ਗੁਰਦਾਸਪੁਰ-ਦੀਨਾਨਗਰ ਜੰਮੂ ਰੋਡ 'ਤੇ ਨਰੋਟ ਜੈਮਲ ਸਿੰਘ, ਜ਼ਿਲ੍ਹਾ ਪਠਾਨਕੋਟ ਸਮੇਤ ਹੋਰ ਅਨੇਕਾਂ ਥਾਵਾਂ 'ਤੇ ਸੈਂਕੜੇ ਕਿਸਾਨਾਂ ਨੇ ਇੱਕ ਵਜੇ ਤੋਂ ਤਿੰਨ ਵਜੇ ਤੱਕ ਸੜਕੀ ਆਵਾਜਾਈ ਜਾਮ ਕੀਤੀ ਗਈ। ਪਟਿਆਲਾ ਜ਼ਿਲ੍ਹੇ 'ਚ ਸੰਗਰੂਰ-ਪਟਿਆਲਾ ਰੋਡ 'ਤੇ ਪਸਿਆਣਾ ਪੁਲ, ਪਾਤੜਾਂ-ਸੰਗਰੂਰ ਰੋਡ 'ਤੇ ਪਾਤੜਾਂ ਕੈਂਚੀਆਂ ਅਤੇ ਨਾਭਾ-ਖੰਨਾ ਸੜਕ 'ਤੇ ਰੋਹਟੀ ਪੁਲ 'ਤੇ ਦੋ ਘੰਟੇ ਲਈ ਆਵਾਜਾਈ ਠੱਪ ਕੀਤੀ ਗਈ। ਜ਼ਿਲ੍ਹਾ ਸੰਗਰੂਰ ਵਿਖੇ ਸੁਨਾਮ-ਬਰਨਾਲਾ ਰੋਡ 'ਤੇ ਲੌਂਗੋਵਾਲ ਵਿਖੇ ਤਹਿਸੀਲ ਕੰਪਲੈਕਸ ਦੇ ਸਾਹਮਣੇ ਰਸਤਾ ਰੋਕਿਆ ਗਿਆ। ਗੜ੍ਹਸ਼ੰਕਰ-ਹੁਸ਼ਿਆਰਪੁਰ ਰੋਡ 'ਤੇ ਗੜ੍ਹਸ਼ੰਕਰ ਵਿਖੇ ਵੀ ਜਾਮ ਲੱਗਾ।

ਕੁੱਲ ਦੋ ਦਰਜਨ ਤੋਂ ਉੱਪਰ ਥਾਵਾਂ ਉੱਪਰ 1 ਤੋਂ 3 ਵਜੇ ਤੱਕ ਚੱਕਾ ਜਾਮ ਕੀਤੇ ਗਏ। ਪੰਜਾਬ ਭਰ ਵਿੱਚੋਂ ਤਾਲਮੇਲ ਕਮੇਟੀ ਵਿੱਚ ਸ਼ਾਮਿਲ ਦਸ ਕਿਸਾਨ ਜੱਥੇਬੰਦੀਆਂ ਦੇ ਵੱਖ-ਵੱਖ ਆਗੂਆਂ ਨਿਰਭੈ ਸਿੰਘ ਢੁੱਡੀਕੇ, ਸਤਿਬੀਰ ਸਿੰਘ ਸੁਲਤਾਨੀ, ਹਰਮੇਸ਼ ਸਿੰਘ ਢੇਸੀ, ਤਰਲੋਚਨ ਸਿੰਘ ਝੋਰੜਾਂ, ਸੰਤੋਖ ਸਿੰਘ ਸੰਧੂ, ਬਲਵਿੰਦਰ ਸਿੰਘ ਭੁੱਲਰ, ਅਮਰਜੀਤ ਸਿੰਘ ਹਨੀ, ਬੂਟਾ ਸਿੰਘ ਬੁਰਜਗਿੱਲ, ਜੋਗਿੰਦਰ ਸਿੰਘ ਉਗਰਾਹਾਂ, ਸੁਖਦੇਵ ਸਿੰਘ ਕੋਕਰੀ ਕਲਾਂ, ਡਾ. ਦਰਸ਼ਨ ਪਾਲ, ਜਗਮੋਹਨ ਸਿੰਘ ਪਟਿਆਲਾ, ਝੰਡਾ ਸਿੰਘ ਜੇਠੂਕੇ, ਸੁਰਜੀਤ ਸਿੰਘ ਫੂਲ, ਡਾ. ਸਤਨਾਮ ਸਿੰਘ ਅਜਨਾਲਾ, ਰਘਬੀਰ ਸਿੰਘ, ਸੁਖਵਿੰਦਰ ਸਿੰਘ, ਕੁਲਵੰਤ ਸਿੰਘ ਮੌਲਵੀਵਾਲਾ, ਅਵਤਾਰ ਸਿੰਘ ਮਹਿਮਾ ਆਦਿ ਨੇ ਕਿਸਾਨਾਂ ਨੂੰ ਸੰਬੋਧਨ ਕੀਤਾ। ਪੇਂਡੂ ਭਾਰਤ 'ਚ ਹੜਤਾਲ ਕਰਨ ਦੀ ਇਸ ਨਿਵੇਕਲੀ ਸਰਗਰਮੀ ਦੀ ਚੰਗੀ-ਚੁੰਝ ਚਰਚਾ ਹੋਈ ਹੈ। ਦੋਧੀਆਂ ਤੇ ਸਬਜੀ ਉਤਪਾਦਕਾਂ ਨੇ ਹੜਤਾਲ ਦੌਰਾਨ ਹੁੰਗਾਰਾ ਭਰਿਆ ਹੈ। ਇਹ ਵਿਆਪਕ ਖੇਤੀ ਸੰਕਟ ਕਾਰਨ ਪੇਂਡੂ ਭਾਰਤ 'ਚ ਪਸਰੀ ਬੇਚੈਨੀ ਦਾ ਪ੍ਰਗਟਾਵਾ ਹੈ। ਲੋੜ ਹੈ ਇਸ ਬੇਚੈਨੀ ਨੂੰ ਜੋਰਦਾਰ ਲਾਮਬੰਦੀ 'ਚ ਬਦਲ ਕੇ ਲਹਿਰ ਖੜੀ ਕੀਤੀ ਜਾਵੇ। ਕਿਰਤੀ ਕਿਸਾਨ ਯੂਨੀਅਨ ਨੂੰ ਇਸ ਦਿਸ਼ਾ ਵਿੱਚ ਠੋਸ ਉਪਰਾਲੇ ਜੁਟਾਉਣੇ ਪੈਣਗੇ।

## ਪੇਂਡੂ ਤੇ ਖੇਤ ਮਜ਼ਦੂਰਾਂ ਵਲੋਂ ਮੰਤਰੀਆਂ, ਐੱਮ.ਐੱਲ.ਏਜ਼.ਦੇ ਘਰਾਂ ਅੱਗੇ ਧਰਨੇ-ਮੁਜਾਹਰੇ

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਆਧਾਰਿਤ ਬਣੀ ਪੰਚਾਇਤੀ ਜ਼ਮੀਨਾਂ ਬਚਾਓ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ ਉੱਤੇ 24 ਜਨਵਰੀ ਨੂੰ ਪੰਜਾਬ ਭਰ ਵਿੱਚ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ-ਮੁਜਾਹਰੇ ਕੀਤੇ ਗਏ। ਇਹ ਧਰਨੇ-ਮੁਜ਼ਾਹਰੇ ਮੁੱਖ ਮੰਤਰੀ ਦੇ ਆਪਣੇ ਜ਼ਿਲ੍ਹੇ ਪਟਿਆਲਾ ਤੋਂ ਇਲਾਵਾ ਸੰਗਰੂਰ, ਮਾਨਸਾ, ਬਰਨਾਲਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਰੀਦਕੋਟ, ਮੋਗਾ, ਜਲੰਧਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਲੁਧਿਆਣਾ, ਫਤਿਹਗੜ੍ਹ ਸਾਹਿਬ ਅਤੇ ਫਿਰੋਜ਼ਪੁਰ ਵਿਖੇ ਵੱਖ-ਵੱਖ 25 ਥਾਈਂ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਕੀਤੇ ਗਏ। ਇਹਨਾਂ ਧਰਨਿਆਂ ਮੁਜ਼ਾਹਰਿਆਂ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਜ਼ਮੀਨ ਜ਼ਮੀਨ ਪ੍ਰਾਪਤੀ ਸੰਘਰਸ਼ ਦੇ ਵਰਕਰਾਂ ਵਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ।

ਇਸ ਮੌਕੇ ਮੰਤਰੀਆਂ ਤੇ ਵਿਧਾਇਕਾਂ ਰਾਹੀਂ ਸੂਬਾ ਸਰਕਾਰ ਨੂੰ ਭੇਜੇ ਗਏ ਮੰਗ ਪੱਤਰ ਅਨੁਸਾਰ ਮੰਗ ਕੀਤੀ ਗਈ ਕਿ ਸਾਂਝੀਆਂ-ਸ਼ਾਮਲਾਟ ਪੰਚਾਇਤੀ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦਾ ਫੈਸਲਾ ਰੱਦ ਕੀਤਾ ਜਾਵੇ, ਪੰਚਾਇਤੀ ਜ਼ਮੀਨਾਂ ਘੱਟ ਰੇਟ ਉੱਤੇ ਦਲਿਤਾਂ ਦੇਣੀਆਂ ਯਕੀਨੀ ਬਣਾਈਆਂ ਜਾਣ, ਬੇਜ਼ਮੀਨੇ ਤੇ ਬੇਘਰੇ ਲੋਕਾਂ ਨੂੰ 10-10 ਮਰਲੇ ਦੇ ਰਿਹਾਇਸ਼ੀ ਪਲਾਟ ਅਲਾਟ ਕੀਤੇ ਜਾਣ ਅਤੇ ਵੱਖ-ਵੱਖ ਸਮੇਂ ਦੌਰਾਨ ਅਲਾਟ ਕੀਤੇ ਗਏ ਪਲਾਟਾਂ ਦੇ ਕਬਜ਼ੇ ਦਿੱਤੇ ਜਾਣ। ਇਸ ਮੌਕੇ ਮਕਾਨ ਉਸਾਰੀ ਲਈ ਗ੍ਰਾਂਟ ਦੇਣ ਅਤੇ ਮਜ਼ਦੂਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਮੰਗ ਵੀ ਕੀਤੀ ਗਈ।

ਜ਼ਿਕਰਯੋਗ ਹੈ ਕਿ ਕਾਂਗਰਸ ਸਰਕਾਰ ਵਲੋਂ ਉਦਯੋਗਿਕ ਵਿਕਾਸ ਦੇ ਨਾਂਅ ਹੇਠ ਪਿੰਡਾਂ ਦੀਆਂ ਸਾਂਝੀਆਂ-ਸ਼ਾਮਲਾਟ, ਪੰਚਾਇਤੀ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦਾ ਫੈਸਲਾ ਲਿਆ ਗਿਆ ਹੈ। ਇਸ ਕਦਮ ਨੂੰ ਅਮਲ ਵਿੱਚ ਲਿਆਉਣ ਲਈ ਸਰਕਾਰ ਨੇ ਵਿਲਜ ਕਾਮਨ ਲੈਂਡ ਕਾਨੂੰਨ ਵਿੱਚ ਸੋਧ ਕਰਨ ਲੱਗੇ ਇੱਕ ਮਿੰਟ ਵੀ ਨਹੀਂ ਲਗਾਇਆ। ਸਰਕਾਰ ਦਾ ਇਹ ਲੋਕ ਵਿਰੋਧੀ ਫੈਸਲਾ ਪੰਜਾਬ ਭਰ ਦੇ ਪੇਂਡੂ ਲੋਕਾਂ ਖਾਸਕਰ ਪੇਂਡੂ ਤੇ ਖੇਤ ਮਜ਼ਦੂਰਾਂ (ਦਲਿਤਾਂ ਤੇ ਹੋਰ ਬੇਜ਼ਮੀਨਿਆਂ) ਦੀ ਜ਼ਿੰਦਗੀ ਨੂੰ ਬੇਹੱਦ ਮਾੜੇ ਰੁਖ਼ ਪ੍ਰਭਾਵਿਤ ਕਰੇਗਾ। ਪਿੰਡਾਂ ਦੀਆਂ ਇਹ ਸਾਂਝੀਆਂ ਜ਼ਮੀਨਾਂ ਹਨ, ਜਿਨ੍ਹਾਂ ਉੱਤੇ ਮਜ਼ਦੂਰਾਂ ਨੂੰ ਕੁਝ ਕਾਨੂੰਨੀ ਹੱਕ ਹਾਸਲ ਹਨ, ਇਸ ਹੱਕ ਦੀ ਵਰਤੋਂ ਕਰਕੇ ਇਹ ਪਰਿਵਾਰ ਤੀਜਾ ਹਿੱਸਾ ਜ਼ਮੀਨ ਉੱਤੇ ਖੇਤੀ ਕਰ ਸਕਦੇ ਹਨ। ਇਸ ਦੇ ਨਾਲ-ਨਾਲ ਸੂਬੇ ਭਰ ਵਿੱਚ ਵਸਦੇ ਲੱਖਾਂ ਬੇਘਰੇ ਅਤੇ ਬੇਜ਼ਮੀਨੇ ਕਿਰਤੀ ਲੋਕਾਂ ਨੂੰ ਰਿਹਾਇਸ਼ੀ ਪਲਾਟ ਦਿੱਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸੰਨ 1947 ਤੋਂ ਬਾਅਦ ਹੁਣ ਤੱਕ ਕਈ ਸਰਕਾਰਾਂ ਬਦਲ ਬਦਲ ਕੇ ਆਈਆਂ ਲੇਕਿਨ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੇ ਪੇਂਡੂ ਮਜ਼ਦੂਰ ਪਹਿਲਾਂ ਹੀ ਮਾੜੀਆਂ ਹਾਲਤਾਂ ਵਿੱਚ ਰਹਿ ਰਹੇ ਹਨ ਅਤੇ ਖੁਦਕੁਸ਼ੀਆਂ ਵਰਗੇ ਅਣਚਾਹੇ ਰਾਹ ਪੈਣ ਲਈ ਮਜਬੂਰ ਹਨ। ਅਜਿਹੇ ਹਾਲਾਤਾਂ ਵਿੱਚ ਲੋੜ ਤਾਂ ਇਹ ਬਣਦੀ ਸੀ ਕਿ ਸਰਕਾਰ ਇਹਨਾਂ ਮਜ਼ਦੂਰ ਪਰਿਵਾਰਾਂ ਨੂੰ ਸੰਕਟ ਵਿੱਚੋਂ ਕੱਢਣ ਲਈ ਯੋਗ ਤੇ ਵੱਡੇ ਨੀਤੀਗਤ ਕਦਮ ਚੁੱਕਦੀ ਪਰ ਸਰਕਾਰ ਸਾਂਝੀਆਂ ਪੰਚਾਇਤੀ ਜ਼ਮੀਨਾਂ ਵੇਚਣ ਦੇ ਲੋਕ ਵਿਰੋਧੀ ਫੈਸਲੇ ਤਹਿਤ ਮਜ਼ਦੂਰਾਂ, ਦਲਿਤਾਂ ਦੇ ਰਾਖਵੇਂ ਤੀਜਾ ਹਿੱਸਾ ਪੰਚਾਇਤੀ ਜ਼ਮੀਨਾਂ ਉੱਤੇ ਖੇਤੀ ਕਰਨ ਅਤੇ ਰਿਹਾਇਸ਼ੀ ਪਲਾਟ ਹਾਸਲ ਕਰਨ ਦੇ ਕਾਨੂੰਨੀ ਹੱਕਾਂ ਦਾ ਹੀ ਭੋਗ ਪਾਉਣ ਦੇ ਰਾਹ ਪੈ ਗਈ। ਸਰਕਾਰ ਦੇ ਇਸ ਫੈਸਲੇ ਖਿਲਾਫ਼ ਸਮੂਹ ਪੇਂਡੂ ਲੋਕਾਂ ਖਾਸਕਰ ਪੇਂਡੂ ਤੇ ਖੇਤ ਮਜ਼ਦੂਰਾਂ (ਦਲਿਤਾਂ ਤੇ ਹੋਰ ਬੇਜ਼ਮੀਨੇ ਲੋਕਾਂ) ਅੰਦਰ ਭਾਰੀ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਐਕਸ਼ਨ ਕਮੇਟੀ ਦੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਨਾਗਰਿਕਤਾ ਸੋਧ ਕਾਨੂੰਨ ਖਿਲਾਫ ਮਾਲੇਰਕੋਟਲਾ ਵਿਖੇ ਸੜਕਾਂ 'ਤੇ ਉੱਤਰੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਔਰਤਾਂ

ਦੇਸ਼ ਭਰ ਵਿੱਚ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕਤਾ ਰਜਿਸਟਰ, ਕੌਮੀ ਆਬਾਦੀ ਰਜਿਸਟਰ ਖਿਲਾਫ ਵਿਰੋਧ ਵਧਦਾ ਜਾ ਰਿਹਾ ਹੈ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੀ ਵਿਲੱਖਣਤਾ ਇਹ ਹੈ ਕਿ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਵਿੱਚੋਂ ਵੱਡੀ ਗਿਣਤੀ ਪ੍ਰਦਰਸ਼ਨਾਂ ਦੀ ਅਗਵਾਈ ਔਰਤਾਂ ਕਰ ਰਹੀਆਂ ਹਨ। ਦਿੱਲੀ ਦਾ ਸ਼ਹੀਨ ਬਾਗ਼ ਇਸ ਦੀ ਉੱਘੜਵੀਂ ਉਦਾਹਰਨ ਹੈ ਜਿੱਥੇ ਪਿਛਲੇ ਇਕ ਡੇਢ ਮਹੀਨੇ ਤੋਂ ਔਰਤਾਂ ਲਗਾਤਾਰ ਪੱਕਾ ਮੋਰਚਾ ਲਾ ਕੇ ਬੈਠੀਆਂ ਹਨ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੀ ਔਰਤਾਂ ਸੜਕਾਂ 'ਤੇ ਹਨ। ਮਲੇਰਕੋਟਲਾ ਵਿਖੇ ਵੀ ਔਰਤਾਂ ਨੇ ਵਿਰੋਧ ਪ੍ਰਦਰਸ਼ਨਾਂ ਦੀ ਕਮਾਨ ਆਪਣੇ ਹੱਥ ਵਿੱਚ

ਸਾਂਭੀ ਹੋਈ ਹੈ, ਇੱਥੇ ਹੋਏ ਦੋ ਵੱਡੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਔਰਤਾਂ ਸੜਕਾਂ 'ਤੇ ਆਈਆਂ।

22 ਦਸੰਬਰ ਨੂੰ ਮਾਲੇਰਕੋਟਲਾ ਸਰਹੰਦੀ ਗੇਟ ਵਿਖੇ ਚਾਰ ਹਜ਼ਾਰ ਦੀ ਗਿਣਤੀ ਵਿੱਚ ਔਰਤਾਂ ਇਕੱਤਰ ਹੋਈਆਂ ਅਤੇ ਸੱਟਾ ਚੌਕ ਤੱਕ ਰੋਸ ਮੁਜ਼ਾਹਰਾ ਕੀਤਾ। ਇਸ ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਚਰਖਾ ਜਾਫਰੀ, ਇਸਤਰੀ ਜਾਗਰਤੀ ਮੰਚ ਦੀ ਆਗੂ ਅਮਨ ਦਿਓਲ ਨੇ ਕਿਹਾ ਕਿ ਭਾਜਪਾ ਆਰਐਸਐਸ ਵੱਲੋਂ ਪਾਸ ਕੀਤਾ ਨਾਗਰਿਕਤਾ ਸੋਧ ਕਾਨੂੰਨ ਧਰਮ ਦੇ ਆਧਾਰ 'ਤੇ ਵੰਡੀਆਂ ਪਾਉਣ ਵਾਲਾ ਹੈ ਅਤੇ ਇਹ ਦੇਸ਼ ਦੇ ਲੋਕਾਂ ਦੀ ਮੂਲ ਜਮਹੂਰੀ ਭਾਵਨਾ ਦੇ ਖਿਲਾਫ ਹੈ।

18 ਜਨਵਰੀ ਨੂੰ ਫੇਰ ਇੱਕ ਵਾਰ ਅੱਠ ਹਜ਼ਾਰ ਦੀ ਗਿਣਤੀ ਵਿੱਚ ਔਰਤਾਂ ਸੜਕਾਂ 'ਤੇ ਉੱਤਰੀਆਂ ਅਤੇ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕੀਤਾ। ਇਸ ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥੀ ਸਵਾਤੀ ਖੰਨਾ, ਪੰਜਾਬ ਸਟੂਡੈਂਟਸ ਯੂਨੀਅਨ ਦੀ ਮੀਤ ਪ੍ਰਧਾਨ ਹਰਦੀਪ ਕੌਰ ਕੋਟਲਾ ਅਤੇ ਐਡਵੋਕੇਟ ਚਰਖਾ ਜਾਫਰੀ ਨੇ ਕਿਹਾ ਕਿ ਇਹ ਕਾਨੂੰਨ ਅਸਲ ਵਿੱਚ ਆਰਐਸਐਸ ਦੇ ਏਜੰਡੇ ਦਾ ਹਿੱਸਾ ਹੈ। ਆਰਐਸਐਸ ਇੱਥੇ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਲਾਗੂ ਕਰਦੇ ਹੋਏ ਘੱਟ ਗਿਣਤੀ ਧਰਮਾਂ, ਕੌਮਾਂ, ਦਲਿਤਾਂ ਅਤੇ ਔਰਤਾਂ ਨੂੰ ਜਬਰ ਦਾ ਨਿਸ਼ਾਨਾ ਬਣਾ ਰਹੀ ਹੈ। ਆਰਐਸਐਸ ਇੱਥੇ ਮਨੂੰ ਸਿਮਰਤੀ ਨੂੰ ਲਾਗੂ ਕਰਦੇ ਹੋਏ ਜਾਤੀਵਾਦੀ ਅਤੇ ਔਰਤ ਵਿਰੋਧੀ ਮਾਨਸਿਕਤਾ ਨੂੰ ਹੱਲਾਸ਼ੇਰੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਔਰਤਾਂ ਆਰਐਸਐਸ ਨੂੰ ਆਪਣੇ ਮਨਸੂਬੇ ਵਿੱਚ ਕਾਮਯਾਬ ਨਹੀਂ ਹੋਣ ਦੇਣਗੀਆਂ। ਇਸ ਮੌਕੇ ਇਕੱਤਰ ਹੋਈਆਂ ਹਜ਼ਾਰਾਂ ਔਰਤਾਂ ਨੇ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਆਕਾਸ਼ ਗੁੰਜਾਊ ਨਾਅਰੇ ਵੀ ਲਾਏ।

## ਨੌਜਵਾਨ-ਵਿਦਿਆਰਥੀਆਂ ਵੱਲੋਂ ਸੀ.ਏ.ਏ., ਐਨ.ਆਰ.ਸੀ. ਅਤੇ ਫਾਸ਼ੀਵਾਦੀ ਹਮਲੇ ਵਿਰੁੱਧ ਸੂਬਾਈ ਮੁਜ਼ਾਹਰਾ

ਫਾਸ਼ੀਵਾਦੀ ਹੱਲੇ ਦੀ ਗਤੀ ਨੂੰ ਤੇਜ਼ ਕਰਦਿਆਂ ਕੇਂਦਰ ਦੀ ਬੀਜੇਪੀ ਸਰਕਾਰ ਵੱਲੋਂ ਨਾਗਰਿਕਤਾ ਕਾਨੂੰਨ ਵਿੱਚ ਸੋਧ ਕਰਕੇ ਇਸ ਨੂੰ ਮੁਸਲਮਾਨਾਂ ਖਿਲਾਫ ਹੀ ਵਰਤਣ ਦੀ ਕੋਸ਼ਿਸ਼ ਨਹੀਂ ਬਲਕਿ ਇਹ ਕਾਨੂੰਨ ਲੋਕ ਵਿਰੋਧੀ ਕਾਨੂੰਨ ਹੈ, ਜਿਸ ਖਿਲਾਫ ਭਾਰਤ ਸਮੇਤ ਦੁਨੀਆਂ ਭਰ ਵਿੱਚ ਵਸ ਰਹੇ ਭਾਰਤੀ ਲੋਕ ਰੋਸ ਪ੍ਰਦਰਸ਼ਨ ਕਰ ਰਹੇ ਹਨ।

11 ਜਨਵਰੀ 2020 ਨੂੰ ਨੌਜਵਾਨ ਭਾਰਤ ਸਭਾ ਤੇ ਪੀ.ਐਸ.ਯੂ. ਵੱਲੋਂ ਮੁਹਾਲੀ ਵਿਖੇ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕ ਰਜਿਸਟਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਪੰਜਾਬ ਦੇ ਨੌਜਵਾਨਾਂ-ਵਿਦਿਆਰਥੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਰੋਸ ਪ੍ਰਦਰਸ਼ਨ ਦੀ ਤਿਆਰੀ ਵਜੋਂ ਪੰਜਾਬ ਦੇ ਵੱਖ-ਵੱਖ ਪਿੰਡਾਂ-ਸਕੂਲਾਂ-ਕਾਲਜਾਂ-ਆਈ.ਟੀ.ਆਈਜ਼ ਤੇ ਮਸਜਿਦਾਂ ਵਿੱਚ ਨੁੱਕੜ ਮੀਟਿੰਗਾਂ, ਰੈਲੀਆਂ, ਕੀਤੀਆਂ ਗਈਆਂ। ਇਹਨਾਂ ਰੈਲੀਆਂ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਲੋਕ ਵਿਰੋਧੀ ਖਾਸੇ ਨੂੰ ਬੇਪਰਦ ਕਰਦਾ ਲੀਫਲੈਟ ਵੀ ਜੱਥੇਬੰਦੀਆਂ ਦੇ ਕਾਰਕੁੰਨਾਂ ਵੱਲੋਂ ਆਮ ਲੋਕਾਂ ਤੱਕ ਪਹੁੰਚਾਇਆ ਗਿਆ।

11 ਜਨਵਰੀ ਨੂੰ ਮੋਹਾਲੀ ਦੇ ਦੁਸਹਿਰਾ ਮੈਦਾਨ ਵਿੱਚ ਸੂਬੇ ਭਰ 'ਚੋਂ ਪੁੱਜੇ 1500 ਦੇ ਕਰੀਬ ਨੌਜਵਾਨ-ਵਿਦਿਆਰਥੀਆਂ ਨੇ ਸਟੇਜ ਲਾ ਕੇ ਰੈਲੀ ਕੀਤੀ। ਰੈਲੀ ਨੂੰ ਨੌਜਵਾਨ ਭਾਰਤ ਸਭਾ ਦੇ ਜਨਰਲ ਸਕੱਤਰ ਮੰਗਾ ਆਜ਼ਾਦ, ਪੀ.ਐਸ.ਯੂ. ਦੇ ਜਨਰਲ ਸਕੱਤਰ ਗਗਨ ਸੰਗਰਾਮੀ, ਸੂਬਾ ਸੀਨੀਅਰ ਮੀਤ ਪ੍ਰਧਾਨ ਹਰਦੀਪ ਕੌਰ ਕੋਟਲਾ, ਹਾਈਕੋਰਟ ਦੇ ਵਕੀਲ ਸਲੀਮ, ਤਾਜ ਮੁਹੰਮਦ, ਅਜ਼ਾਜ਼ ਫਾਰੂਕ, ਅਜਹਰ ਹਸਨ ਨੇ ਸੰਬੋਧਨ ਕੀਤਾ।

ਇਸ ਤੋਂ ਬਾਅਦ ਨੌਜਵਾਨ ਭਾਰਤ ਸਭਾ ਤੇ ਪੀ.ਐਸ.ਯੂ. ਦੀ ਅਗਵਾਈ ਹੇਠ ਵਿਧਾਨ ਸਭਾ ਭਵਨ ਵੱਲ ਨੂੰ ਰੋਸ ਮੁਜਾਹਰਾ ਕੀਤਾ ਗਿਆ। ਜੋਰਦਾਰ ਨਾਅਰੇਬਾਜੀ ਕਰਦਾ ਕਾਫ਼ਲਾ ਜਿਉਂ ਹੀ ਚੰਡੀਗੜ੍ਹ 'ਚ ਦਾਖ਼ਲ ਹੋਣ ਲੱਗਿਆ ਤਾਂ ਪੁਲਿਸ ਵੱਲੋਂ ਰੋਕ ਲਿਆ ਗਿਆ। ਜਿਸ ਤੋਂ ਬਾਅਦ ਉੱਥੇ ਲਗਭਗ 1 ਘੰਟਾ ਸੜਕ 'ਤੇ ਹੀ ਧਰਨਾ ਲਗਾਇਆ ਗਿਆ। ਇਸ ਧਰਨੇ ਨੂੰ ਨੌਜਵਾਨ ਭਾਰਤ ਸਭਾ ਦੇ ਸੂਬਾ ਪ੍ਰਧਾਨ ਰੁਪਿੰਦਰ ਸਿੰਘ ਚੌਂਦਾ ਤੇ ਪੀ.ਐਸ.ਯੂ. ਦੇ ਸੂਬਾ ਪ੍ਰਧਾਨ ਰਣਵੀਰ ਰੰਧਾਵਾ ਨੇ ਸੰਬੋਧਨ ਕੀਤਾ। ਜਿਸ ਤੋਂ ਬਾਅਦ ਮੌਕੇ ਤੇ ਹਾਜ਼ਿਰ ਹੋਏ ਅਧਿਕਾਰੀਆਂ ਨੂੰ ਕਾਨੂੰਨਾਂ ਨੂੰ ਰੱਦ ਕਰਨ ਸਮੇਤ ਫਾਸ਼ੀਵਾਦੀ ਜਬਰ 'ਤੇ ਤੁਰਤ ਰੋਕ ਲਾਉਣ ਨਾਲ ਸਬੰਧਿਤ ਮੰਗਾਂ ਦਾ ਮੰਗ ਪੱਤਰ ਰਾਸ਼ਟਰਪਤੀ ਦੇ ਨਾਂ ਸੌਂਪਿਆ ਗਿਆ। ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਜਸਕਰਨ ਆਜ਼ਾਦ ਵੱਲੋਂ ਭਾਰਤੀ ਨਾਗਰਿਕਤਾ ਕਾਨੂੰਨ ਨੂੰ ਵਾਪਿਸ ਲੈਣ, ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਤੇ ਹੋਏ ਲਾਠੀਚਾਰਜ ਤੇ ਜੇਐੱਨਯੂ ਦੇ ਵਿਦਿਆਰਥੀਆਂ ਉੱਪਰ ਏਬੀਵੀਪੀ ਵੱਲੋਂ ਕੀਤੇ ਹਮਲੇ ਖਿਲਾਫ ਨਿਖੇਧੀ ਮਤੇ ਪੇਸ਼ ਕੀਤੇ ਗਏ, ਇਹਨਾਂ ਮਤਿਆਂ ਨੂੰ ਧਰਨੇ ਵਿੱਚ ਹਾਜ਼ਿਰ ਨੌਜਵਾਨ-ਵਿਦਿਆਰਥੀਆਂ ਨੇ ਪ੍ਰਵਾਨਗੀ ਦਿੱਤੀ। ਰੋਸ ਪ੍ਰਦਰਸ਼ਨ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਪੀ.ਐਸ.ਯੂ. ਦੇ ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਵੱਲੋਂ ਨਿਭਾਈ ਗਈ।

## ਹਾਅ ਦਾ ਨਾਅਰਾ ਸੰਘਰਸ਼ ਮੋਰਚਾ ਵੱਲੋਂ ਫਾਸ਼ੀਵਾਦ ਵਿਸ਼ੇ ਉੱਪਰ ਕੀਤਾ ਗਿਆ ਸੈਮੀਨਾਰ

ਹਾਅ ਦਾ ਨਾਅਰਾ ਸੰਘਰਸ਼ ਮੋਰਚਾ ਵੱਲੋਂ 28 ਦਸੰਬਰ ਨੂੰ ਮਲੇਰਕੋਟਲਾ ਵਿਖੇ ਇੱਕ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਮੁੱਖ ਬੁਲਾਰੇ ਦੇ ਰੂਪ ਵਿੱਚ ਨੌਜਵਾਨ ਭਾਰਤ ਸਭਾ ਦੇ ਸਾਬਕਾ ਪ੍ਰਧਾਨ ਰਮਿੰਦਰ ਸਿੰਘ ਪਟਿਆਲਾ ਪਹੁੰਚੇ। ਸੈਮੀਨਾਰ ਦੀ ਸ਼ੁਰੂਆਤ ਵਿੱਚ ਹਾਅ ਦਾ ਨਾਅਰਾ ਸੰਘਰਸ਼ ਮੋਰਚਾ ਦੇ ਕਨਵੀਨਰ ਅਤੇ ਨੌਜਵਾਨ ਭਾਰਤ ਸਭਾ ਦੇ ਆਗੂ ਰੁਪਿੰਦਰ ਚੌਂਦਾ ਨੇ ਆਏ ਹੋਏ ਸਾਰੇ ਨੌਜਵਾਨਾਂ ਦਾ ਸਵਾਗਤ ਕੀਤਾ ਉੱਥੇ ਹੀ ਵਿਸ਼ੇ ਸਬੰਧੀ ਭੂਮਿਕਾ ਵੀ ਬੰਨੀ। ਉਨ੍ਹਾਂ ਤੋਂ ਬਾਅਦ ਸੈਮੀਨਾਰ ਦੇ ਮੁੱਖ ਬੁਲਾਰੇ ਰਮਿੰਦਰ ਸਿੰਘ ਪਟਿਆਲਾ ਨੇ ਸੰਬੋਧਨ ਕੀਤਾ ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਕਾਬਜ਼ ਮੋਦੀ ਦੀ ਅਗਵਾਈ ਵਾਲੀ ਭਾਜਪਾ/ਆਰਐਸਐਸ ਦੀ ਸਰਕਾਰ ਲਗਾਤਾਰ ਆਪਣੇ ਬੇਲਗ਼ਾਮ ਫਾਸ਼ੀਵਾਦੀ ਘੋੜੇ ਨੂੰ ਦੌੜਾਉਂਦੀ ਹੋਈ ਅੱਗੇ ਵਧ ਰਹੀ ਹੈ। ਦੇਸ਼ ਭਰ ਵਿੱਚ ਬੁੱਧੀਜੀਵੀਆਂ ਨੂੰ ਗ੍ਰਿਫਤਾਰ ਕਰ ਜੇਲ੍ਹਾਂ ਵਿੱਚ ਸੁੱਟਣਾ, ਕਸ਼ਮੀਰ ਵਿੱਚ ਧਾਰਾ 370 ਹਟਾਉਣਾ, ਰਾਮ ਮੰਦਰ ਬਣਾਉਣ ਦੇ ਹੱਕ ਵਿੱਚ ਫੈਸਲਾ ਕਰਵਾਉਣਾ, ਇਹ ਸਾਰਾ ਕੁਝ ਸੰਘ ਦੁਆਰਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਮਨਸੂਬੇ ਵੱਲ ਵਧਾਏ ਜਾ ਰਹੇ ਕਦਮਾਂ ਦੀ ਨਿਸ਼ਾਨਦੇਹੀ ਕਰਦਾ ਹੈ। ਹੁਣ ਇਸੇ ਲੜੀ ਤਹਿਤ ਮੋਦੀ ਹਕੂਮਤ ਵੱਲੋਂ ਪਾਸ ਕੀਤਾ ਗਿਆ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕਤਾ ਰਜਿਸਟਰ ਅਤੇ ਕੌਮੀ ਆਬਾਦੀ ਰਜਿਸਟਰ ਲਾਗੂ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਦੇਸ਼ ਦੀ ਆਰਥਿਕ ਸਥਿਤੀ ਲਗਾਤਾਰ ਸੰਕਟ ਵਿਚ ਫਸਦੀ ਜਾ ਰਹੀ ਹੈ, ਦੇਸ਼ ਦੀ ਜੀਡੀਪੀ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ ਤੇ ਪਹੁੰਚ ਚੁੱਕੀ ਹੈ, ਬੇਰੁਜ਼ਗਾਰੀ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਚੁੱਕੀ ਹੈ, ਕਾਰੋਬਾਰ ਤਬਾਹ ਹੋ ਚੁੱਕੇ ਹਨ। ਇਹ ਸਥਿਤੀ ਕਾਰਨ ਲਗਾਤਾਰ ਲੋਕਾਂ 'ਚ ਗੁੱਸਾ ਪੈਦਾ ਹੁੰਦਾ ਜਾ ਰਿਹਾ ਹੈ। ਲੋਕਾਂ ਅੰਦਰ ਉਠ ਰਹੇ ਰੋਹ ਨੂੰ ਕਾਬੂ ਕਰਨ ਲਈ ਮੋਦੀ ਹਕੂਮਤ ਪੁਰਾਣੇ ਢੰਗ ਤਰੀਕਿਆਂ ਨੂੰ ਛੱਡ ਹੁਣ ਫਾਸ਼ੀਵਾਦੀ ਢੰਗ ਤਰੀਕਿਆਂ ਰਾਹੀਂ ਰਾਜ ਕਰਨ ਦੀਆਂ ਵਿਉਂਤਾਂ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵਰਤਾਰੇ ਨੂੰ ਹਰਾਉਣ ਲਈ ਲੋਕਾਂ ਨੂੰ ਵੱਡੀ ਪੱਧਰ 'ਤੇ ਜਥੇਬੰਦ ਹੋ ਕੇ ਸੜਕਾਂ ਤੇ ਆਉਣਾ ਪਵੇਗਾ। ਇਸ ਉਪਰੰਤ ਸਵਾਲ ਜਵਾਬ ਦਾ ਸਿਲਸਿਲਾ ਚੱਲਿਆ ਜਿਸ ਵਿੱਚ ਅਦਨਾਨ, ਪ੍ਰਦੀਪ ਅਤੇ ਉਸਮਾਨ ਸਮੇਤ ਵੱਡੀ ਗਿਣਤੀ ਨੌਜਵਾਨਾਂ ਨੇ ਭਾਗ ਲਿਆ। ਸਵਾਲਾਂ-ਜਵਾਬਾਂ ਤੋਂ ਬਾਅਦ ਹਾਅ ਦਾ ਨਾਅਰਾ ਸੰਘਰਸ਼ ਮੋਰਚਾ ਦੇ ਕੋ-ਕਨਵੀਨਰ ਨਵਿੰਦਰ ਵਸੀਮ ਅਰਸ਼ਦ ਨੇ ਆਏ ਹੋਏ ਨੌਜਵਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਇਜਾਜ਼ ਫਾਰੂਕ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ।

## ਡੀ.ਐਮ.ਐਫ. ਪਟਿਆਲਾ ਵੱਲੋਂ
## ਫਾਸ਼ੀਵਾਦ ਦੇ ਵਧਦੇ ਹੱਲੇ ਖਿਲਾਫ਼ ਲੋਕ ਲਹਿਰ ਦੀ ਉਸਾਰੀ ਵਿਸ਼ੇ 'ਤੇ ਸੈਮੀਨਾਰ

ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਦੀ ਇਕਾਈ ਪਟਿਆਲਾ ਵੱਲੋਂ ਫਾਸ਼ੀਵਾਦੀ ਸੱਤਾ ਦੀ ਸਥਾਪਤੀ ਦੇ ਵਧਦੇ ਹੱਲੇ ਖ਼ਿਲਾਫ਼ ਵਿਸ਼ਾਲ ਲੋਕ ਲਹਿਰ ਦੀ ਉਸਾਰੀ ਦੀ ਲੋੜ ਅਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਿਆਂਦੇ ਲੋਕ ਵਿਰੋਧੀ ਕਾਨੂੰਨਾਂ ਸੀ.ਏ.ਏ., ਐਨ.ਆਰ.ਸੀ. ਅਤੇ ਐਨ.ਪੀ.ਆਰ. ਸਬੰਧੀ ਮੁਲਾਜ਼ਮ ਵਰਗ ਨੂੰ ਚੇਤੰਨ ਕਰਨ ਲਈ 26 ਜਨਵਰੀ ਨੂੰ ਤਰਕਸ਼ੀਲ ਹਾਲ ਪਟਿਆਲਾ ਵਿਖੇ ਸੈਮੀਨਾਰ ਕਰਵਾਇਆ ਗਿਆ ਅਤੇ ਗੁਰਦੁਆਰਾ ਸ਼੍ਰੀ ਦੁੱਖ ਨਿਵਾਰਨ ਸਾਹਿਬ ਚੌਕ ਤੱਕ ਮਾਰਚ ਵੀ ਕੱਢਿਆ ਗਿਆ।

ਮੁਲਾਜ਼ਮ ਆਗੂਆਂ ਤੋਂ ਬਿਨਾਂ ਸੈਮੀਨਾਰ ਵਿੱਚ ਮੁੱਖ ਬੁਲਾਰੇ ਵਜੋਂ ਪਹੁੰਚੇ ਲੋਕ ਸੰਘਰਸ਼ ਕਮੇਟੀ ਦੇ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹਨਾਂ ਫਿਰਕੂ ਕਾਨੂੰਨਾਂ ਨੂੰ ਭਾਜਪਾ ਸਰਕਾਰ ਦੇ ਭਾਰਤੀ ਰਾਜ ਪ੍ਰਬੰਧ ਵਿੱਚ ਮੌਜੂਦ ਰਸਮੀ ਧਰਮ ਨਿਰਪੱਖਤਾ ਤੇ ਜਮਹੂਰੀ ਕਦਰਾਂ ਨੂੰ ਵੀ ਖਤਮ ਕਰਕੇ ਸੰਘ ਦੇ ਧਰਮਤੰਤਰੀ ਰਾਜ ਦੀ ਪ੍ਰਾਪਤੀ ਲਈ ਵਿੱਢੀ ਮੁਹਿੰਮ ਦੇ ਅੰਗ ਵਜੋਂ ਸਮਝਣਾ ਚਾਹੀਦਾ ਹੈ। ਮੋਦੀ-ਅਮਿਤ ਸ਼ਾਹ ਹਕੂਮਤ ਵੱਲੋਂ ਸੰਸਾਰ ਭਰ ਵਿੱਚ ਨਾਗਰਿਕਤਾ ਦੇ ਸਥਾਪਿਤ ਮਾਪਦੰਡਾਂ ਦੇ ਉਲਟ ਨਾਗਰਿਕਤਾ ਨੂੰ ਧਰਮ ਨਾਲ ਪਰਿਭਾਸ਼ਤ ਕਰਕੇ ਲਿਆਂਦੇ ਇਹ ਕਾਨੂੰਨ ਗੈਰ-ਸੰਵਿਧਾਨਕ, ਗੈਰ-ਜਮਹੂਰੀ, ਬੇਲੋੜੇ ਤੇ ਜਾਬਰ ਕਾਨੂੰਨ ਹਨ, ਆਰ.ਐਸ.ਐਸ. ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਚੱਲਕੇ ਭਾਜਪਾ ਸਰਕਾਰ ਕਰੋੜਾਂ ਦਲਿਤ, ਮਜ਼ਦੂਰ, ਘੱਟ ਗਿਣਤੀ ਤੇ ਹੋਰ ਮੱਧਵਰਗ ਲੋਕਾਂ ਨੂੰ ਮੁੜ 1947 ਦੀ ਦੇਸ਼ ਵੰਡ ਵੇਲੇ ਵਾਪਰੀ ਧਾਰਮਿਕ ਜਨੂੰਨੀ ਹਿੰਸਾ ਦੀ ਭੱਠੀ ਵਿੱਚ ਧੱਕਣ ਦੇ ਰਾਹ ਪਈ ਹੋਈ ਹੈ ਅਤੇ ਇਹਨਾਂ ਕਾਨੂੰਨਾਂ ਖ਼ਿਲਾਫ਼ ਉੱਠ ਰਹੀ ਹਰ ਆਵਾਜ਼ ਨੂੰ ਜ਼ਬਰ ਨਾਲ ਦਬਾਉਣ ਦੇ ਰਸਤੇ ਪੈ ਰਹੀ ਹੈ। ਇਹ ਕਾਨੂੰਨ ਸਿਰਫ ਮੁਸਲਮਾਨਾਂ ਦੇ ਖਿਲਾਫ਼ ਨਹੀਂ ਸਗੋਂ ਇਨ੍ਹਾਂ ਨਾਲ ਹਰ ਧਰਮ ਦੇ ਲੋਕਾਂ ਨੂੰ ਨੋਟਬੰਦੀ ਦੇ ਦਿਨਾਂ ਵਾਂਗ ਲਾਈਨਾਂ 'ਚ ਲਗਾਇਆ ਜਾਵੇਗਾ ਤੇ ਆਪਣੇ ਹੀ ਦੇਸ਼ 'ਚ ਬੇਗਾਨੇ ਹੋਣ ਦਾ ਅਹਿਸਾਸ ਕਰਵਾਏਗਾ। ਇਹ ਸਿਰਫ ਨਾਗਰਿਕਤਾ ਸਬੰਧੀ ਹੀ ਨਹੀਂ ਬਲਕਿ ਆਰਥਿਕ

ਪੱਖੋਂ ਵੀ ਲੋਕਾਂ ਨੂੰ ਨੁਕਸਾਨ ਪਹੁੰਚਾ ਕੇ ਜਾਇਦਾਦ ਅਧਿਕਾਰ ਤੇ ਹੋਰ ਕਈ ਸਹੂਲਤਾਂ ਤੋਂ ਵਾਂਝਿਆਂ ਕਰਕੇ ਕਾਰਪੋਰੇਟ ਦੇ ਹਿੱਤ ਪੂਰੇਗਾ ਜਿਸ ਕਰਕੇ ਹਾਕਮਾਂ ਦੇ ਇਸ ਫਾਸ਼ੀਵਾਦੀ ਹੱਲਿਆਂ ਖਿਲਾਫ਼ ਡਟਣ ਦਾ ਸੱਦਾ ਦਿੱਤਾ ਗਿਆ।

ਸਮਾਗਮ ਦੀ ਪ੍ਰਧਾਨਗੀ ਪ੍ਰਵੀਨ ਕੁਮਾਰ, ਹਰਵਿੰਦਰ ਸਿੰਘ ਰੱਖੜਾ, ਕੁਲਦੀਪ ਸਿੰਘ, ਭੀਮ ਸਿੰਘ ਤੇ ਗੁਰਜੀਤ ਘੱਗਾ ਨੇ ਕੀਤੀ। ਇਸ ਮੌਕੇ ਡੈਮੋਕਰੇਟਿਕ ਟੀਚਰਜ਼ ਫਰੰਟ ਤੋਂ ਦਵਿੰਦਰ ਸਿੰਘ ਪੂਨੀਆ, ਵਿਕਰਮਦੇਵ ਸਿੰਘ, ਅਤਿੰਦਰਪਾਲ ਸਿੰਘ ਘੱਗਾ ਤੇ ਅਮਨਦੀਪ ਸਿੰਘ, ਐਸ.ਐਸ.ਏ./ਰਮਸਾ ਅਧਿਆਪਕ ਯੂਨੀਅਨ ਤੋਂ ਹਰਦੀਪ ਟੋਡਰਪੁਰ ਤੇ ਭਰਤ ਕੁਮਾਰ, ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ ਤੋਂ ਰਾਜੀਵ ਲੋਹਟਬੱਧੀ ਅਤੇ ਇਫਟੂ ਦੇ ਆਗੂ ਸ੍ਰੀਨਾਥ ਮੌਜੂਦ ਸਨ।

## 'ਹਮ ਦੇਖੇਂਗੇ...' ਕਵਿਤਾ ਤੇ ਲਾਈ ਪਾਬੰਦੀ ਦੇ ਵਿਰੋਧ 'ਚ ਅਦਾਰਾ ਪਰਵਾਜ਼ ਵੱਲੋਂ ਵਿਚਾਰ-ਚਰਚਾ

ਫਾਸ਼ੀਵਾਦ ਦੇ ਵਧਦੇ ਹਮਲੇ ਦੀ ਧਾਰ ਵਿੱਚ ਦੇਸ਼ ਭਰ 'ਚ ਵਿਦਿਆਰਥੀਆਂ, ਨੌਜਵਾਨਾਂ, ਔਰਤਾਂ ਦੀ ਸ਼ਮੂਲੀਅਤ ਨਾਲ ਉਸਰ ਰਹੇ ਸ਼ਹੀਨ ਬਾਗਾਂ ਵਰਗੇ ਸੰਘਰਸ਼ਾਂ ਨਾਲ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਨੂੰ ਜੋਟੀ ਪਾ ਕੇ ਫ਼ਾਸੀਵਾਦ ਦੀ ਹਾਰ ਦਾ ਮੁੱਢ ਬੰਨਣ ਦੀ ਦਿਸ਼ਾ ਵਿੱਚ ਅੱਗੇ ਤੁਰਨਾ ਚਾਹੀਦਾ ਹੈ। ਇਹ ਵਿਚਾਰ ਫਾਸ਼ੀਵਾਦੀ ਹਮਲੇ ਵਿਰੁੱਧ ਲੇਖਕਾਂ, ਸਾਹਿਤਕਾਰਾਂ, ਕਲਾਕਾਰਾ ਦੀ ਬਣਦੀ ਭੂਮਿਕਾ ਤੈਅ ਕਰਨ ਦੇ ਮਕਸਦ ਨਾਲ ਅਦਾਰਾ ਪਰਵਾਜ ਵੱਲੋਂ ਸਥਾਨਕ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਕਰਵਾਏ ਗਏ ਸਮਾਗਮ ਵਿੱਚ ਉੱਭਰ ਕੇ ਸਾਹਮਣੇ ਆਏ। ਸਮਾਗਮ ਵਿੱਚ 100 ਤੋਂ ਉਪਰ ਲੇਖਕ-ਕਲਾਕਾਰ ਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਇਹ ਸਮਾਗਮ ਉੱਘੇ ਫ਼ਿਲਮਕਾਰ ਤੇ ਰੰਗਕਰਮੀ ਡਾ. ਸਾਹਿਬ ਸਿੰਘ, ਸੁਖਵਿੰਦਰ ਕੰਬੋਜ (ਅਮਰੀਕਾ), ਡਾ. ਮੋਹਨ ਤਿਆਗੀ, ਦਰਸ਼ਨ ਬੁੱਟਰ, ਡਾ. ਜਸਵਿੰਦਰ ਸਿੰਘ, ਸੁਰਜੀਤ ਜੱਜ, ਡਾ. ਕੰਵਰ ਜਸਮਿੰਦਰ ਪਾਲ, ਸੁਖਵਿੰਦਰ ਪੱਪੀ, ਬਲਵਿੰਦਰ ਸਿੰਘ ਧਨੋਆ (ਕੈਲੋਫੋਰਨੀਆ) ਉੱਪਰ ਅਧਾਰਿਤ ਪ੍ਰਧਾਨਗੀ ਮੰਡਲ ਦੀ ਅਗਵਾਈ ਹੇਠ ਕਰਵਾਇਆ ਗਿਆ। ਸਭ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਡਾ. ਮੁਹੰਮਦ ਜਮੀਲ ਦੀ ਬੇਵਕਤੀ ਮੌਤ ਤੇ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਉਸ ਤੋਂ ਬਾਅਦ ਸਮਾਗਮ ਦੀ ਸ਼ੁਰੂਆਤ ਕਰਦਿਆਂ ਪਰਵਾਜ਼ ਦੇ ਜ਼ਿਲ੍ਹਾ ਪ੍ਰਧਾਨ ਡਾ. ਮੋਹਨ ਤਿਆਗੀ ਨੇ ਸਾਰੇ ਮਹਿਮਾਨਾਂ, ਸਾਹਿਤਕਾਰਾਂ, ਵਿਦਿਆਰਥੀਆਂ ਨੂੰ ਜੀ ਆਇਆ ਕਿਹਾ। ਡਾ. ਸਾਹਿਬ ਸਿੰਘ ਨੇ ਆਪਣੇ ਮੁੱਖ ਭਾਸ਼ਣ 'ਚ ਫ਼ਾਸੀਵਾਦੀ ਹਮਲੇ ਦੀ ਅਨੇਕਾਂ ਉਦਾਹਰਣਾਂ ਦਿੰਦਿਆਂ ਕਿਹਾ ਵਿਸ਼ਵ 'ਚ ਅਜਿਹਾ ਪਹਿਲਾਂ ਵੀ ਵਾਪਰਿਆ ਹੈ, ਇਤਿਹਾਸ ਵਿੱਚ ਹੁੰਦਾ ਹੀ ਆਇਆ ਹੈ ਜਦੋਂ ਤਾਨਾਸ਼ਾਹੀ ਹਾਕਮ ਆਪਣਾ ਰੰਗ ਦਿਖਾਉਂਦੇ ਹਨ ਤਾਂ ਉਨ੍ਹਾਂ ਦੇ ਸਮਾਨਅੰਤਰ ਲੋਕਾਂ ਦੀ ਅਵਾਜ ਵੀ ਉੱਚੀ ਉੱਠਦੀ ਹੈ। ਤਾਨਾਸ਼ਾਹੀ ਸਾਹਿਤ, ਸੱਭਿਆਚਾਰ ਤੇ ਸਿਨੇਮੇ ਦੇ ਦੁਆਲੇ ਵੀ ਆਪਣਾ ਫੰਦਾ ਵਲਣ ਦੀ ਕੋਸ਼ਿਸ਼ ਕਰਦੀ ਹੈ। ਪਰ ਲੇਖਕ-ਕਲਾਕਾਰ ਇਸ ਵਿਰੁੱਧ ਸਾਹਮਣੇ ਆਉਂਦੇ ਹਨ। ਉਨ੍ਹਾਂ ਚਾਰਲੀ ਚੈਪਲਿਨ, ਪਾਬਲੋ ਨਰੂਦਾ, ਭਾਅ ਜੀ ਗੁਰਸ਼ਰਨ ਸਿੰਘ, ਫੈਜ ਅਹਿਮਦ ਫੈਜ ਅਤੇ ਅਵਤਾਰ ਪਾਸ਼ ਦੇ ਹਵਾਲਿਆਂ ਨਾਲ ਦੱਸਿਆਂ ਕਿ ਲੇਖਕ-ਕਲਾਕਾਰ ਦਾ ਫਰਜ ਹੈ ਕਿ ਉਹ ਫਾਸ਼ੀਵਾਦ ਵਿਰੁੱਧ ਨਿੱਤਰਨ। ਉਨ੍ਹਾਂ ਨੇ ਕਸ਼ਮੀਰ, ਜਾਮੀਆ, ਜੇ.ਐਨ.ਯੂ. ਵਿੱਚ ਹੋਏ ਕਾਤਲਾਨੇ ਹਮਲੇ ਦੀ ਤਿੱਖੀ ਵਿਰੋਧਤਾ ਕਰਦਿਆ ਇਸ ਗੱਲ ਦੀ ਸੰਤੁਸ਼ਟੀ ਪ੍ਰਗਟਾਈ ਕਿ ਅੱਜ ਸਾਡੀ ਜਵਾਨੀ ਜਾਗ ਪਈ ਹੈ ਤੇ ਉਹ ਫ਼ਾਸੀਵਾਦ ਨੂੰ ਵੰਗਾਰ ਰਹੀ ਹੈ। ਡਾ. ਸਾਹਿਬ ਸਿੰਘ ਨੇ ਲੇਖਕਾਂ, ਕਲਾਕਾਰਾਂ ਤੇ ਰੰਗਕਰਮੀਆਂ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣ ਤੇ ਜੋਰ ਦਿੰਦਿਆ ਕਿਹਾ ਜੇਕਰ ਏਸ ਵਕਤ ਵੀ ਨਾ ਜਾਗੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਜੁਆਬ ਮੰਗਣਗੀਆਂ। ਮੁੱਖ ਮਹਿਮਾਨ ਦੇ ਤੌਰ ਤੇ ਸੁਖਵਿੰਦਰ ਕੰਬੋਜ ਨੇ ਮੁਲਕ 'ਚ ਬਣੇ ਏਨਾ ਗੰਭੀਰ ਹਾਲਤਾਂ ਉੱਪਰ ਚਿੰਤਾ ਜ਼ਾਹਰ ਕਰਦਿਆਂ ਅਮਰੀਕੀ ਸਮਾਜਕ ਪ੍ਰਬੰਧ ਵਿਚਲੀਆਂ ਕਈ ਪਰਤਾਂ ਖੋਲੀਆਂ। ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਸਾਡੇ ਹਾਕਮਾਂ ਨੂੰ ਪਾਸ਼ ਤੇ ਫੈਜ਼ ਦੀਆਂ ਕਵਿਤਾਵਾਂ ਤੋਂ ਡਰ ਲੱਗਦਾ ਹੈ ਕਿਉਂਕਿ ਉਹ ਹਾਕਮਾਂ ਦੇ ਕਾਰਨਾਮਿਆਂ ਨੂੰ ਵੰਗਾਰਦੀਆਂ ਹਨ।

ਅਦਾਰਾ ਪਰਵਾਜ਼ ਦੇ ਕਨਵੀਨਰ ਸੁਖਵਿੰਦਰ ਪੱਪੀ ਨੇ ਅਦਾਰੇ ਦੀ ਭੂਮਿਕਾ ਬਾਰੇ ਦੱਸਦਿਆਂ ਕਿਹਾ ਕਿ ਦੇਸ਼ ਵਿੱਚ ਵਾਪਰ ਰਹੇ ਹਰ ਅਮਾਨਵੀਂ ਵਰਤਾਰੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਵੇਗੀ। ਗਜ਼ਲਗੋ ਸੁਰਜੀਤ ਜੱਜ ਨੇ ਅਜੋਕੇ ਸਮੇਂ ਨੂੰ ਵੰਗਾਰਦੀ ਉੱਚੀ ਸੁਰ ਵਾਲੀ ਕਵਿਤਾ ਸੁਣਾਈ ਉੱਥੇ ਕਵੀ ਦਰਸ਼ਨ ਬੁੱਟਰ ਨੇ ਲੇਖਕਾਂ ਨੂੰ ਏਸ ਵਰਤਾਰੇ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਚੰਡੀਗੜ੍ਹ ਵਿੱਚ ਹੋ ਰਹੇ ਲੇਖਕਾਂ-ਕਲਾਕਾਰਾਂ ਦੇ ਮੁਜ਼ਾਹਰੇ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਇਸ ਸਮਾਗਮ ਵਿੱਚ ਬਲਬੀਰ ਜਲਾਲਾਬਾਦੀ, ਮਨਿੰਦਰ ਕਾਫ਼ਰ, ਤਰਲੋਚਨ ਮੀਰ, ਡਾ. ਕੁਲਦੀਪ ਦੀਪ, ਡਾ. ਸੰਤੋਖ ਸੁੱਖੀ, ਹਰਪ੍ਰੀਤ ਰਾਣਾ ਆਦਿ ਬਹੁਤ ਸਾਹਿਤਕਾਰ, ਲੇਖਕ, ਕਵੀ, ਵਿਦਿਆਰਥੀ ਸ਼ਾਮਲ ਹੋਏ। ਅਦਾਰਾ ਪਰਵਾਜ਼ ਪ੍ਰਗਤੀਸ਼ੀਲ ਲੇਖਕ ਸੰਘ, ਕਾਹਨ ਸਿੰਘ ਨਾਭਾ ਰਚਨਾ ਵਿਚਾਰ ਮੰਚ, ਤ੍ਰਿਵੈਣੀ ਸਾਹਿਤ ਸਭਾ, ਗਿਆਨਦੀਪ ਸਾਹਿਤ ਸਾਧਨਾ ਮੰਚ ਤੇ ਹੋਰ ਸੁਭਾਵਾਂ ਦੇ ਮੈਬਰਾਨ ਦੀ ਭਰਵੀਂ ਹਾਜ਼ਰੀ ਰਹੀ। ਅਖੀਰ 'ਚ ਕੰਵਰ ਜਸਮਿੰਦਰ ਪਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ।






11 ਜਨਵਰੀ ਨੂੰ ਸੀ.ਏ.ਏ., ਐਨ.ਆਰ.ਸੀ. ਅਤੇ ਐਨ.ਪੀ.ਆਰ. ਵਿਰੁੱਧ ਨੌਜਵਾਨ ਭਾਰਤ ਸਭਾ ਤੇ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੋਹਾਲੀ ਵਿਖੇ ਕੀਤੀ ਰੈਲੀ ਨੂੰ ਸੰਬੋਧਨ ਕਰਦੇ ਪੀ.ਐਸ.ਯੂ. ਦੇ ਸੂਬਾ ਪ੍ਰਧਾਨ ਰਣਵੀਰ ਰੰਧਾਵਾ






ਮਜ਼ਦੂਰ ਜੱਥੇਬੰਦੀਆਂ ਦੇ ਸਾਂਝੇ ਫਰੰਟ ਵੱਲੋਂ 24 ਜਨਵਰੀ ਨੂੰ ਮੰਤਰੀਆਂ, ਕਾਂਗਰਸੀ ਐਮ.ਐਲ.ਏਜ ਦੇ ਘਰਾਂ ਅੱਗੇ ਰੋਸ ਧਰਨਿਆਂ ਦੇ ਸੱਦੇ ਤਹਿਤ (ਖੱਬੇ) ਸੰਗਰੂਰ ਵਿਖੇ ਵਿਖੇ ਸੰਬੋਧਨ ਕਰਦੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਆਗੂ ਪਰਮਜੀਤ ਕੌਰ ਲੌਂਗੋਵਾਲ ਅਤੇ (ਸੱਜੇ) ਹਲਕਾ ਕਰਤਾਰਪੁਰ ਦੇ ਕਾਂਗਰਸੀ ਐਮ.ਐਲ.ਏ. ਸੁਰਿੰਦਰ ਚੌਧਰੀ ਦੇ ਘਰ ਅੱਗੇ ਦਿਤੇ ਰੋਸ ਧਰਨੇ ਦਾ ਦ੍ਰਿਸ਼



ਜਗਤਜੀਤ ਇੰਡਸਟਰੀਜ ਲਿਮਟਿਡ (ਹਮੀਰਾ) ਕਪੂਰਥਲਾ ਦੇ ਵਰਕਰਾਂ ਦੀਆਂ ਮੰਗਾਂ ਸਬੰਧੀ ਲੱਗੇ ਮੋਰਚੇ ਨੂੰ ਸੰਬੋਧਨ ਕਰਦੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ



ਫਿਰਕੂ ਫਾਸ਼ੀ ਹੱਲੇ ਸੀ.ਏ.ਏ., ਐਨ.ਆਰ.ਸੀ., ਐਨ.ਪੀ.ਆਰ. ਵਿਰੁੱਧ
ਮਲੇਰਕੋਟਲਾ ਵਿੱਚ ਔਰਤਾਂ ਵੱਲੋਂ ਕੀਤੇ ਵਿਸ਼ਾਲ ਪ੍ਰਦਰਸ਼ਨ ਦੇ ਦ੍ਰਿਸ਼





ਕਿਰਤ ਕਾਨੂੰਨਾਂ 'ਚ ਸੋਧਾਂ, ਫਿਰਕੂ ਫਾਸ਼ੀ ਹੱਲੇ ਸੀ.ਏ.ਏ., ਐਨ.ਆਰ.ਸੀ., ਐਨ.ਪੀ.ਆਰ. ਵਿਰੁੱਧ ਟਰੇਡ ਯੂਨੀਅਨਾਂ ਵੱਲੋਂ
8 ਜਨਵਰੀ ਨੂੰ ਦੇਸ਼ ਪੱਧਰੀ ਹੜਤਾਲ ਮੌਕੇ ਇਫਟੂ ਦੀ ਅਗਵਾਈ ਵਿੱਚ
(ਖੱਬੇ) ਗੁਰਦਾਸਪੁਰ ਅਤੇ (ਸੱਜੇ) ਆਂਧਰਾ ਪ੍ਰਦੇਸ਼ ਵਿੱਚ ਹੋਏ ਇਕੱਠ

ਸੰਪਾਦਕ, ਮਾਲਕ, ਪ੍ਰਕਾਸ਼ਕ, ਛਾਪਕ ਅਜਮੇਰ ਸਿੰਘ ਨੇ, ਇਨਕਲਾਬੀ ਸਾਡਾ ਰਾਹ ਲਈ ਛਾਬੜਾ ਕੰਪਿਊਟਰ ਐਂਡ ਪ੍ਰਿੰਟਰਜ਼, ਕੇ.ਕੇ.ਯੂ. ਦਫ਼ਤਰ, ਹਿੰਦ ਸਮਾਚਾਰ ਗਲੀ, ਜਲੰਧਰ ਤੋਂ ਛਪਵਾ ਕੇ, ਕੇ.ਕੇ.ਯੂ. ਦਫ਼ਤਰ, ਹਿੰਦ ਸਮਾਚਾਰ ਗਲੀ, ਜਲੰਧਰ ਤੋਂ ਜਾਰੀ ਕੀਤਾ।